# ਸੱਦਰ ਸਮੁੰਦ

## (ਜੀਵਨ-ਝਾਤ ਭਾਈ ਸਮੁੰਦ ਸਿੰਘ ਜੀ)

ਪ੍ਰੋ: ਪਰਮਜੋਤ ਸਿੰਘ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ
ਲੁਧਿਆਣਾ

ੴ

ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ।।

# ਸਵੱਰ ਸਮੁੰਦ

(ਜੀਵਨ-ਝਾਤ ਭਾਈ ਸਮੁੰਦ ਸਿੰਘ ਜੀ)

ਸੰਪਾਦਨਾ

ਪ੍ਰੋ: ਪਰਮਜੋਤ ਸਿੰਘ

ਸਾਹਿਤ ਤੇ ਪ੍ਰਕਾਸ਼ਨ ਵਿਭਾਗ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਮਾਡਲ ਟਾਊਨ ਐਕਸਟੈਨਸ਼ਨ,

ਲੁਧਿਆਣਾ-141 002

Swar Samund *(Punjabi)*

Prof. Paramjot Singh (Edited)

© ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ

ਪਹਿਲੀ ਛਾਪ /ਜਨਵਰੀ 1996

Sahit Te Parkashan Vibhag
Guru Gobind Singh Study Circle
Model Town, Extension,
Ludhiana-141 002,
Ph. & Fax - 0151-450352

ਭੇਟਾ : 20 ਰੁਪਏ

ਛਾਪਕ
ਹਮਦਰਦ ਪ੍ਰਿੰਟਿੰਗ ਪ੍ਰੈਸ, ਜਲੰਧਰ

ਸਮਰਪਣ

ਹੈ

ਰਾਗ -ਰਸ - ਰੰਗ ਰੂਪ ਹੋ ਕੇ

ਗੁਰਬਾਣੀ ਗਾਉਂਦੇ ਗਾਉਂਦੇ,

ਵੈਰਾਗ ਅਵੱਸਥਾ ਤੱਕ ਪਹੁੰਚਣ ਵਾਲੇ

ਉਨ੍ਹਾਂ ਰਾਗੀ ਸਿੰਘਾਂ ਨੂੰ

ਜਿਨ੍ਹਾਂ

ਮਾਇਆ ਦੇ ਲਾਲਚ ਨੂੰ ਠੁਕਰਾਂਦਿਆਂ,

ਸਿੱਖ ਸੰਗਤਾਂ ਦੀ ਅਸੀਸ,

ਗੁਰੂ ਦੀ ਬਖ਼ਸ਼ੀਸ਼ ਤੇ

ਪੰਥ ਦੀ ਸੇਵਾ ਹਿੱਤ

ਕੀਰਤਨ ਗਾਂਵਿਆ ਹੈ।

# ਪ੍ਰਕਾਸ਼ਨ ਮਨੋਰਥ

ਗਾਉਣਾ, ਕੁਦਰਤ ਦੀ ਮੁਢਲੀ ਖ਼ਾਸੀਅਤ ਹੈ। ਪਉਣ, ਪਾਣੀ, ਬੈਸੰਤਰ, ਖੰਡ, ਬ੍ਰਹਿਮੰਡ, ਸੂਰਜ, ਚੰਦ...... ਸਭੋ ਗਾਈ ਜਾ ਰਹੇ ਹਨ। ਕੁਦਰਤ ਵਿਚ ਇਕ ਸੰਗੀਤਕ ਲੈਅ, ਸੁਰ ਅਤੇ ਹਰਕਤ ਹੈ। ਹਰਕਤ ਵਿਚ ਹੀ ਬਰਕਤ ਹੈ। ਗੁਰੂ ਨਾਨਕ ਦੇਵ ਸਾਹਿਬ ਨੇ ਅਕਾਲ ਪੁਰਖ ਦੇ ਦਰ ਘਰ ਤੋਂ ਬਖ਼ਸ਼ਿਸ਼ਾਂ ਦੇ ਖ਼ਜ਼ਾਨੇ ਪ੍ਰਾਪਤ ਕਰਕੇ, ਕੁਦਰਤ ਵਿਚ ਵੱਸਦੇ ਤੇ ਗਾਇਣ ਹੋ ਰਹੇ ਕਾਦਰ ਪ੍ਰਭੂ ਨਾਲ ਅਭੇਦਤਾ ਪਾਈ ਅਤੇ ਰਾਗ ਨਾਦ ਸੋਹਣੇ ਸ਼ਬਦਾਂ ਦੀ ਰਾਸਪੂੰਜੀ ਨਾਲ ਜਗਤ ਵਾਸੀਆਂ ਨੂੰ ਮਾਲਾ ਮਾਲ ਕਰ ਦਿੱਤਾ। ਰਾਗਾਂ ਵਿਚ ਗਾਈ ਰਸ ਭਰੀ 'ਕੀਰਤ ਪ੍ਰਭ ਕੀ', ਸਿੱਖ ਵਿਰਸੇ ਦੀ ਅਨਮੋਲ ਵਸਤੂ ਹੈ। ਸਿੱਖ ਦੇ ਅੰਦਰ ਗੁਰਬਾਣੀ ਕੀਰਤਨ ਨੂੰ ਸੁਨਣ, ਮਾਣਨ ਤੇ ਭੁੰਚਣ ਦੀ ਪ੍ਰਬੱਲ ਇੱਛਾ ਦਾ ਹੋਣਾ, ਸਿੱਖੀ ਦੇ ਵਾਸੇ ਦੀ ਨਿਸ਼ਾਨੀ ਹੈ। ਧਰਤ ਲੋਕਾਈ ਨੂੰ ਸੋਧਣ ਲਈ ਗੁਰਬਾਣੀ ਕੀਰਤਨ ਦੇ ਮਹਾਂ ਸ਼ਸਤਰ ਨੂੰ ਲੈ ਕੇ ਹੀ ਬਾਬਾ ਨਾਨਕ ਜੀ ਉਦਾਸੀਆਂ ਲਈ ਚੜ੍ਹੇ ਸਨ। ਹਰ ਸਮੇਂ ਦੇ ਸਿੱਖ ਸਮਾਜ ਵਿਚ ਸੁਚੱਜੇ ਤੇ ਸੋਹਜਮਈ ਗੁਰਬਾਣੀ ਕੀਰਤਨੀਆਂ ਦਾ ਬੜਾ ਸਤਿਕਾਰ ਰਿਹਾ ਹੈ ਕਿਉਂਕਿ ਰਾਗੀ ਸਿੰਘ ਇਕ ਅਜਿਹਾ ਮਾਧਿਅਮ ਹਨ, ਜਿਨ੍ਹਾਂ ਦੇ ਰਾਹੀਂ ਸਿੱਖ ਸੰਗਤਾਂ ਨੂੰ ਗੁਰਬਾਣੀ ਰੂਪੀ ਸਮੁੰਦਰ ਦੇ ਰਤਨ ਪਦਾਰਥ ਹੱਥ ਲਗਦੇ ਹਨ।

ਇਹ ਪੁਸਤਕ ਵੀਹਵੀਂ ਸਦੀ ਦੇ ਮਹਾਨ ਗੁਰਸਿੱਖ ਰਾਗੀ ਭਾਈ ਸਮੁੰਦ ਸਿੰਘ ਜੀ ਦੇ ਜੀਵਨ ਉੱਤੇ ਬਹੁਮੁੱਲੀ ਤੇ ਬਹੁਮੁੱਖੀ ਰੌਸ਼ਨੀ ਪਾਉਂਦੀ ਹੈ। ਕੀਰਤਨ ਦੇ ਅਭਿਆਸੀਆਂ ਅਤੇ ਅਭਿਲਾਖੀਆਂ ਲਈ ਭਾਈ ਸਮੁੰਦ ਸਿੰਘ ਜੀ ਵਰਗੇ ਉਜਲੇ ਜੀਵਨ ਵਾਲੇ ਸਫਲ ਰਾਗੀਆਂ ਦੀਆਂ ਯਾਦਾਂ ਤੋਂ ਪ੍ਰੇਰਣਾ ਲੈਣੀ ਲਾਭਕਾਰੀ ਹੋਵੇਗੀ। ਭਾਈ ਸਾਹਿਬ ਨੂੰ ਇਹ ਸੋਹਣਾ ਅਵਸਰ ਪ੍ਰਾਪਤ ਹੋਇਆ ਕਿ ਉਨ੍ਹਾਂ ਸ੍ਰੀ ਨਨਕਾਣਾ ਸਾਹਿਬ ਵਿਖੇ ਕਈ ਵਰ੍ਹੇ ਕੀਰਤਨ ਦੀ ਸੇਵਾ ਕੀਤੀ। ਅੱਜ ਕੀਰਤਨੀਆ ਹੋਣਾ, ਇਕ ਚੰਗਾ ਤੇ ਮਾਣ ਸਤਿਕਾਰ ਵਾਲਾ ਕਿੱਤਾ ਬਣ ਗਿਆ ਹੈ। ਸਿੱਖ ਸੰਗਤਾਂ ਰਾਗੀ ਸਿੰਘਾਂ ਦਾ ਬੜਾ ਆਦਰ ਕਰਦੀਆਂ ਹਨ। ਪਰ, ਰਾਗੀ ਸਿੰਘਾਂ ਵਿਚ ਗੁਰਮਤਿ ਨੂੰ ਜੀਵਨ ਵਿਚ ਰਚਾਉਣ-ਵਸਾਉਣ ਦੀ ਚੇਸ਼ਟਾ ਬਹੁਤੀ ਪ੍ਰਬੱਲ ਨਹੀਂ ਰਹੀ । ਰਾਗਾਂ ਦੀ ਮੁਹਾਰਤ, ਸ਼ਬਦ ਦੀ ਭਾਵੁਕਤਾ , ਕੀਰਤਨ ਦੀ ਟਕਸਾਲੀ ਡੂੰਘਾਈ ਅਤੇ ਸੰਗੀਤਕ ਪ੍ਰਬੀਨਤਾ ਦੇ ਪੱਖਾਂ ਵਿਚ ਕੁਝ ਹਲਕਾਪਣ ਮਹਿਸੂਸ ਹੁੰਦਾ ਹੈ। ਇਸ ਪਾਸੇ ਮਿਹਨਤ ਕਰਨ ਲਈ ਨੇਕਦਿਲੀ ਨਾਲ ਜੁਟਣ ਵਾਲਿਆਂ ਦੀ ਲੋੜ ਹੈ। ਭਾਈ ਸਮੁੰਦ ਸਿੰਘ ਨੂੰ

ਕੀਰਤਨ ਮਾਹਿਰਾਂ ਨੇ 'ਸਵੱਰ-ਸਮੁੰਦ' ਦੀ ਪਦਵੀ ਨਾਲ ਸਨਮਾਨਿਆ ਹੈ ਕਿਉਂਕਿ ਉਹਨਾਂ ਪਾਸ ਵਿਆਪਕ ਸੁਰ-ਗਿਆਨ ਦੀ ਵਿਹਾਰਕ ਵਿਸ਼ੇਸ਼ਤਾਈ ਸੀ।

ਪ੍ਰੋ: ਪਰਮਜੋਤ ਸਿੰਘ ਹੁਰਾਂ ਭਾਈ ਸਮੁੰਦ ਸਿੰਘ ਜੀ ਦੀ ਗਾਇਣ ਸ਼ੈਲੀ ਨੂੰ ਸਿੱਧ ਕਰ ਲਿਆ ਹੈ। ਉਨ੍ਹਾਂ ਕਈ ਵਰ੍ਹੇ ਭਾਈ ਸਾਹਿਬ ਦਾ ਸੰਗ ਸਾਥ ਮਾਣਿਆ ਅਤੇ ਗੁਰਮਤਿ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ। ਹੁਣ ਪੰਜਾਬ ਐਂਡ ਸਿੰਧ ਬੈਂਕ ਵਿਚ ਅਫ਼ਸਰ ਵਜੋਂ ਕਾਰਜ ਕਰ ਰਹੇ ਪ੍ਰੋ: ਪਰਮਜੋਤ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕੇਂਦਰੀ ਕੀਰਤਨ ਵਿਭਾਗ ਦੇ ਜਨਰਲ ਸਕੱਤਰ ਹਨ। 1980 ਵਿਚ ਸਟੱਡੀ ਸਰਕਲ ਵਲੋਂ ਸਥਾਪਤ 'ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ' ਦੇ ਆਪ ਪਹਿਲੇ ਆਨਰੇਰੀ ਪ੍ਰਿੰਸੀਪਲ ਥਾਪੇ ਗਏ ਸਨ। ਸਾਹਿਤਕਾਰ ਸਦਨ ਵਲੋਂ ਸਾਈਂ ਮੀਆਂ ਮੀਰ ਮੈਮੋਰੀਅਲ ਟਰੱਸਟ ਦੀ ਵਿਵਸਥਾ ਤਹਿਤ ਕਰਵਾਏ 'ਸਾਈਂ ਮੀਆਂ ਮੀਰ ਦਿਵਸ' ਦੇ ਮੌਕੇ 1991 ਈ: ਵਿਚ ਆਪ ਨੂੰ "ਭਾਈ ਸਮੁੰਦ ਸਿੰਘ ਯਾਦਗਾਰੀ ਗੁਰਮਤਿ ਸੰਗੀਤ ਐਵਾਰਡ" ਨਾਲ ਵੀ ਸਨਮਾਨਿਤ ਕੀਤਾ ਗਿਆ। ਪ੍ਰੋ: ਸਾਹਿਬ ਸਤਿਗੁਰੂ ਦੀ ਹਾਜ਼ਰੀ ਵਿਚ ਸੰਗਤਾਂ ਦੇ ਸਨਮੁੱਖ ਗੁਰਬਾਣੀ ਕੀਰਤਨ ਕਰਦਿਆਂ, ਪ੍ਰੇਮ ਰਸ ਰੰਗ ਵਿਚ ਰੱਤੇ ਜਾਂਦੇ ਹਨ ਤੇ ਪ੍ਰਭੂ ਜਸ ਦੀ ਵਰਖਾ ਹੁੰਦੀ ਹੈ।

ਸਾਹਿਤ ਤੇ ਪ੍ਰਕਾਸ਼ਨ ਵਿਭਾਗ ਵਲੋਂ ਇਸ ਮਨੋਰਥ ਨਾਲ 'ਸਵੱਰ-ਸਮੁੰਦ' ਪੁਸਤਕ ਪ੍ਰਕਾਸ਼ਤ ਕੀਤੀ ਜਾ ਰਹੀ ਹੈ ਕਿ ਸਵੱਰ-ਸਮੁੰਦ ਭਾਈ ਸਮੁੰਦ ਸਿੰਘ ਜੀ ਵਰਗੇ ਗੁਰਸਿੱਖਾਂ ਦੇ ਜੀਵਨ ਨਾਲ ਜੁੜੀਆਂ ਪ੍ਰੇਰਨਾਮਈ ਯਾਦਾਂ ਤੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਣੂ ਕਰਵਾਇਆ ਜਾਵੇ। ਅਜਿਹੇ ਗੁਰਸਿੱਖ ਸੰਗੀਤਕਾਰ ਵਿਰਸੇ ਅਤੇ ਭਵਿੱਖ ਦੇ ਸੂਤਰਧਾਰ ਹੋ ਨਿਬੜਦੇ ਹਨ। ਪ੍ਰਕਾਸ਼ਨਾ ਦਾ ਮਨੋਰਥ ਨਿਰੋਲ ਪ੍ਰਸਾਰ ਤੇ ਪ੍ਰੇਰਣਾ ਵਾਲਾ ਹੈ, ਵਪਾਰਕ ਨਹੀਂ। ਕੇਵਲ ਲਾਗਤ ਮਾਤਰ ਕੀਮਤ ਰੱਖ ਕੇ, ਪੜ੍ਹਨ ਦਾ ਸ਼ੌਕ ਰੱਖਣ ਵਾਲਿਆ ਦੀ ਪਹੁੰਚ ਦਾ ਰੱਖਿਆ ਗਿਆ ਹੈ। ਆਸ ਹੈ ਪਾਠਕ ਜਨ, ਵਿਭਾਗ ਦੀ ਇਸ ਭਾਵਨਾ ਨਾਲ ਸਹਿਮਤ ਹੋਣਗੇ ਅਤੇ ਸਮਰੱਥ ਸੱਜਣ ਇਸ ਕਾਰਜ ਲਈ ਦਿਲ ਖੋਲ੍ਹ ਕੇ ਸਹਿਯੋਗ ਦੇਣ ਲਈ ਅੱਗੇ ਆਉਣਗੇ।

ਪੁਸਤਕ ਦੀ ਅਗਲੀ ਐਡੀਸ਼ਨ ਲਈ ਜਾਣਕਾਰ ਸੱਜਣ ਭਾਈ ਸਾਹਿਬ ਸਬੰਧੀ ਲੇਖ ਭੇਜਣ ਤਾਂ ਸ਼ਾਮਲ ਕਰਨ ਦੀ ਖ਼ੁਸ਼ੀ ਹਾਸਲ ਕਰਾਂਗੇ। ਭਾਈ ਸਾਹਿਬ ਵਲੋਂ ਗਾਇਣ ਕੀਤੇ ਸ਼ਬਦਾਂ ਦੀਆਂ ਨੋਟੇਸ਼ਨਾਂ ਵੀ ਵਖਰੇ ਰੂਪ ਵਿਚ ਛਾਪਣ ਦਾ ਉਪਰਾਲਾ ਕੀਤਾ ਜਾਵੇਗਾ।

*-ਜਨਰਲ ਸਕੱਤਰ,*
*ਸਾਹਿਤ ਤੇ ਪ੍ਰਕਾਸ਼ਨ ਵਿਭਾਗ*

# ਦਰਪਣ

ਸੰਪਾਦਕੀ/ਪ੍ਰੋ: ਪਰਮਜੋਤ ਸਿੰਘ . . . . . . . . . . . . . . . . . . . . . . . 1

ਮੇਰੇ ਪਿਤਾ ਜੀ ਦਾ ਜੀਵਨ ਬਿਰਤਾਂਤ/ . . . . . . . . . . . . . . . . 6
ਸ੍ਰ: ਹਰਭਜਨ ਸਿੰਘ ਅਮਰੀਕਾ

ਅੱਲ੍ਹਾ ਦੀ ਅਵਾਜ਼/ਭਾਈ ਅਵਤਾਰ ਸਿੰਘ . . . . . . . . . . . . . . . . . 10

ਕੀਰਤਨ-ਸਮਰਾਟ/ਪ੍ਰਿੰ: ਕੁਲਦੀਪ ਸਿੰਘ ਹਉਰਾ . . . . . . . . . . . . . . . . 19

ਇਕ ਮਹਾਨ ਕੀਰਤਨੀਏ/ਬੀਬੀ ਜਸਕਿਰਨ ਕੌਰ . . . . . . . . . . . . . . . . 22

ਅਨੋਖੀ ਸ਼ਖ਼ਸੀਅਤ/ ਗਿਆਨੀ ਚੇਤ ਸਿੰਘ . . . . . . . . . . . . . . . . . . 32

ਪ੍ਰਸਿੱਧ ਰਾਗੀ ਭਾਈ ਸਮੁੰਦ ਸਿੰਘ ਜੀ/ਪ੍ਰੋ: ਪਰਮਜੀਤ ਕੌਰ . . . . . . . . . 36

ਮੈਂ ਨੂਰ ਹੀ ਤੱਕਦਾ ਰਿਹਾ/ਭਾਈ ਹਰਨਾਮ ਸਿੰਘ . . . . . . . . . . . . . . 39

ਇਕ ਮੁਲਾਕਾਤ/ਐਸ. ਐਸ. ਅਮੋਲ . . . . . . . . . . . . . . . . . . . . . 44

ਭਾਈ ਸਾਹਿਬ ਜੀ ਨਾਲ ਕੁਝ ਪਲ/ਸੁਰਜੀਤ ਸਿੰਘ ਮਰਜਾਰਾ . . . . . . . . . . 47

ਇਕ ਯਾਦ ਕ੍ਰਿਸ਼ਮਾ/ਪ੍ਰੋ: ਰਣਜੀਤ ਸਿੰਘ . . . . . . . . . . . . . . . . . . 50

ਪੁਰਾਤਨ ਕੀਰਤਨ ਰੀਤ-ਮਰਿਯਾਦਾ ਦੇ ਸੰਚਾਲਕ / . . . . . . . . . . . . . 53
ਸ੍ਰ: ਜਸਕੀਰਤ ਸਿੰਘ

ਅੱਖੀਂ ਡਿੱਠਾ ਕੰਨੀਂ ਸੁਣਿਆ /ਪ੍ਰਿੰ: ਕੁਲਦੀਪ ਸਿੰਘ ਹਉਰਾ . . . . . . . . . . 56

ਅੰਤਿਮ ਦਰਸ਼ਨ /ਪ੍ਰੋ: ਪਰਮਜੋਤ ਸਿੰਘ . . . . . . . . . . . . . . . . . . . 63

ਵੱਖ ਵੱਖ ਵਿਚਾਰ ਅਨੁਭਵ, ਪ੍ਰਭਾਵ ਤੇ ਯਾਦਾਂ . . . . . . . . . . . . . . . . 67

ਜਾਗਰੂਕ ਸ਼ਖ਼ਸੀਅਤ/ਜਗਜੀਤ ਸਿੰਘ ਸਿਦਕੀ . . . . . . . . . . . . . . . . . 72

Bhai Samund Singh/Dr.Dharam Singh . . . . . . . . . . . . . . . . 73

The Great Exponent of Gurmat Sangeet/. . . . . . . . . . . . . . . 76
Prof. Paramjot Singh

# ਸੰਪਾਦਕੀ

ਮੈਨੂੰ ਯਾਦ ਹੈ ਉਦੋਂ ਪੰਜ ਕੁ ਸਾਲ ਦਾ ਹੀ ਹੋਵਾਂਗਾ, ਜਦੋਂ ਮੈਂ ਆਪਣੇ ਪਿਤਾ ਗਿਆਨੀ ਇੰਦਰ ਸਿੰਘ ਜੀ ਦੀ ਗੋਦੀ ਵਿਚ ਘੰਟਿਆਂ ਬੱਧੀ ਬੈਠ ਕੇ ਕੀਰਤਨ ਸੁਣਿਆ ਕਰਦਾ ਸੀ। ਕੀਰਤਨ ਸੁਣ ਕੇ ਬਹੁਤ ਰਸ ਆਉਂਦਾ ਤੇ ਮੈਂ ਲੋਰ ਵਿਚ ਆ ਕੇ ਸਿਰ ਹਿਲਾਉਂਦਾ। ਮੈਨੂੰ ਉਦੋਂ ਕੀਰਤਨ ਦੀ ਮਹੱਤਤਾ, ਗੁਰਬਾਣੀ ਦੇ ਅਰਥ-ਭਾਵ, ਰਾਗ ਦਾ ਗਿਆਨ ਕੁਝ ਵੀ ਤਾਂ ਸਮਝ ਨਹੀਂ ਸੀ ਆਉਂਦਾ, ਪਰ ਸੰਗੀਤ ਦਾ ਰਸ ਜ਼ਰੂਰ ਮਾਣਦਾ। ਫਿਰ ਕਦੀ ਕਦੀ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਤਬਲੇ 'ਤੇ ਥਾਪ ਦਿੰਦਾ। ਪਿਤਾ ਜੀ ਅਕਸਰ ਮੇਰੇ ਮਾਤਾ ਜੀ ਨੂੰ ਕਹਿੰਦੇ, "ਜੋਤ ਵਿਚ ਸੁਰ ਹੈ, ਤਾਲ ਹੈ, ਲੈਅ ਹੈ, ਮੇਰੀ ਇੱਛਾ ਹੈ ਕਿ ਇਹ ਵੱਡਾ ਹੋ ਕੇ ਗੁਰੂ ਦਾ ਕੀਰਤਨੀਆ ਬਣੇ।" ਪਿਤਾ ਜੀ ਵੱਡੇ ਵੱਡੇ ਰਾਗੀਆਂ ਦੀ ਸੰਗਤ ਕਰਦੇ, ਮੈਂ ਅਕਸਰ ਉਨ੍ਹਾਂ ਵਿਚ ਬੈਠ ਕੇ ਰਾਗੀਆਂ ਦੀਆਂ ਬੰਦਸ਼ਾਂ, ਰੀਤਾਂ ਤੇ ਤਾਲਾਂ ਧਿਆਨ ਨਾਲ ਸੁਣਦਾ ਤੇ ਝੂਮ ਉਠਦਾ।

ਮੈਂ ਉਸ ਵੇਲੇ ਲਗਭਗ 8 ਸਾਲ ਦਾ ਸੀ ਜਦੋਂ ਗੁਰਬਾਣੀ ਕੀਰਤਨ ਦੀ ਸਿਖਲਾਈ ਲੈਣੀ ਸ਼ੁਰੂ ਕੀਤੀ। ਮੁਢਲਾ ਮਾਹੌਲ ਮੈਨੂੰ ਵਿਰਸੇ ਵਿਚੋਂ ਮਿਲਿਆ। ਪਿਤਾ ਜੀ, ਜੋ ਤਰਨਤਾਰਨ ਟਕਸਾਲ ਦੇ ਪੰਡਿਤ ਨੱਥੂ ਰਾਮ ਜੀ ਦੇ ਸਿਖਿਆਰਥੀ ਰਹੇ ਸਨ, ਮੇਰੇ ਪਹਿਲੇ ਉਸਤਾਦ ਸਨ, ਜਿਨ੍ਹਾਂ ਸਦਕਾ ਮੇਰਾ ਝੁਕਾਅ ਗੁਰਬਾਣੀ ਕੀਰਤਨ ਵਲ ਵਧਦਾ ਗਿਆ।

ਕੀਰਤਨ ਪ੍ਰਤੀ ਲਗਨ ਤੇ ਸ਼ੌਕ ਨੂੰ ਦੇਖਦਿਆਂ ਪਿਤਾ ਜੀ ਨੇ ਮੈਨੂੰ ਮਾਸਟਰ ਦੇਸ ਰਾਜ ਜੀ ਕੋਲ ਨਿਯਮਤ ਰੂਪ ਵਿਚ ਸਿਖਲਾਈ ਲਈ ਭੇਜਣਾ ਸ਼ੁਰੂ ਕਰ ਦਿੱਤਾ। ਮਾਸਟਰ ਜੀ ਨੇ ਮੇਰੇ ਵਿਚ ਸ਼ਾਸਤ੍ਰੀ ਸੰਗੀਤ ਦਾ ਮੁੱਢ ਬੰਨ੍ਹਿਆ। ਮੈਂ ਉਨ੍ਹਾਂ ਤੋਂ ਸੰਗੀਤ ਸਿਖਦਿਆਂ ਉਨ੍ਹਾਂ ਦੇ ਘਰ ਹੀ ਕਈ ਸੰਗੀਤਕਾਰਾਂ ਦੇ ਸੰਪਰਕ ਵਿਚ ਆਇਆ। ਹੌਲੀ ਹੌਲੀ ਮੇਰੀ ਸ਼ਾਸਤ੍ਰੀ ਸੰਗੀਤ ਵਿਚ ਰੁਚੀ ਵਧਦੀ ਗਈ ਤੇ ਮੈਂ ਉਸਤਾਦ ਬਾਕਿਰ ਹੁਸੈਨ ਖ਼ਾਂ (ਪਟਿਆਲਾ ਘਰਾਣਾ), ਸੀਆ ਬਿਹਾਰੀ ਸ਼ਰਨ, ਪੰਡਿਤ ਵਿਨੈਚੰਦਰ ਮੋਦਗਿਲ, ਸ੍ਰੀ ਮਦਨ ਲਾਲ ਬਾਲੀ ਤੇ ਹੋਰ ਕਈ ਸੰਗੀਤਕਾਰ ਜਿਨ੍ਹਾਂ ਤੋਂ ਕੁਝ ਨ ਕੁਝ ਹਾਸਿਲ ਕਰਨ ਜਾਂਦਾ ਰਿਹਾ। ਪਰ ਜਿਸ ਸ਼ਖ਼ਸੀਅਤ ਨੇ ਮੇਰੇ 'ਤੇ ਡੂੰਘਾ, ਪ੍ਰਭਾਵਸ਼ਾਲੀ ਤੇ ਅੰਤਿਮ ਪ੍ਰਭਾਵ ਪਾਇਆ ਉਹ ਸਨ ਭਾਈ ਸਮੁੰਦ ਸਿੰਘ ਜੀ। ਉਨ੍ਹਾਂ ਵਿਚ ਗੁਰਬਾਣੀ ਤੇ ਸ਼ਾਸਤ੍ਰੀ ਗਾਇਨ ਦਾ ਸੁਮੇਲ ਸੀ। ਉਨ੍ਹਾਂ ਦੀ ਚੁੰਬਕੀ ਸ਼ਖ਼ਸੀਅਤ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਮੈਂ ਧੁਰ ਅੰਦਰੋਂ ਉਨਾਂ ਨੂੰ ਗੁਰਮਤਿ ਸੰਗੀਤ ਦਾ ਉਸਤਾਦ ਧਾਰਨ ਕਰ ਲਿਆ।

ਉਦੋਂ ਮਸਾਂ ਦਸਾਂ-ਬਾਰਾਂ ਵਰ੍ਹਿਆਂ ਦਾ ਹੋਵਾਂਗਾ ਜੱਦ ਤੋਂ ਮੈਂ ਗੁਰਮਤਿ ਰਾਗੀ ਸਭਾ ਲੁਧਿਆਣਾ ਦੇ ਸਾਲਾਨਾ ਸਮਾਗਮਾਂ 'ਤੇ ਜਾਣ ਲਗ ਪਿਆ। ਮੈਨੂੰ ਆਰੰਭ ਵਿਚ ਇਕ ਸ਼ਬਦ ਗਾਇਨ ਕਰਨ ਦਾ ਸਮਾਂ ਮਿਲਦਾ, ਪਰ ਭਾਈ ਸਾਹਿਬ ਦੁਆਰਾ ਗਾਇਨ ਕੀਤੇ ਸ਼ਬਦਾਂ ਨੂੰ ਸੁਨਣ ਲਈ ਦੇਰ ਰਾਤ ਤਕ ਸੰਗਤ ਵਿਚ ਬੈਠਾ ਉਡੀਕਦਾ ਰਹਿੰਦਾ। ਰੇਡੀਓ ਤੋਂ ਵੀ ਜਦੋਂ ਕਦੀ ਉਨ੍ਹਾਂ ਦਾ ਕੋਈ ਸ਼ਬਦ ਪ੍ਰਸਾਰਿਤ ਕੀਤਾ ਜਾਂਦਾ ਤਾਂ ਮੈਂ ਉਨ੍ਹਾਂ ਦੀ ਗਾਇਕੀ ਦੇ ਮਹੀਨ ਅੰਗਾਂ ਨੂੰ ਛੂਹਣ ਤੇ ਜ਼ਿਹਨ ਵਿਚ ਵਸਾਉਣ ਦੀ ਪੂਰੀ ਕੋਸ਼ਿਸ਼ ਕਰਦਾ ਤੇ ਫਿਰ ਉਨ੍ਹਾਂ ਦੀਆਂ ਰੀਤਾਂ ਦਾ ਬਾਰ ਬਾਰ ਰਿਆਜ਼ ਕਰਨ ਉਪਰੰਤ ਕਈ ਸਮਾਗਮਾਂ ਵਿਚ ਸਟੇਜਾਂ 'ਤੇ ਦੁਹਰਾਉਂਦਾ। ਇਕ ਗੱਲ ਆਮ ਪ੍ਰਚਲਤ ਹੋ ਗਈ ਕਿ ਜੋਤ ਆਉਣ ਵਾਲੇ ਸਮੇਂ ਵਿਚ ਭਾਈ ਸਾਹਿਬ ਦੀ ਕੀਰਤਨ ਸ਼ੈਲੀ ਦਾ ਵਾਰਸ ਬਣੇਗਾ।

ਇਕ ਵਾਰ ਅਮਰ ਸਿੰਘ ਦੁਸਾਂਝ ਦਾ ਭਾਈ ਸਾਹਿਬ ਸਬੰਧੀ ਲੇਖ ਅਖ਼ਬਾਰ ਵਿਚ ਛਪਿਆ, ਜਿਸ ਨੂੰ ਮੈਂ ਬਾਰ ਬਾਰ ਪੜ੍ਹਿਆ। ਉਸ ਲੇਖ ਨੇ ਮੇਰੇ ਮਨ ਵਿਚ ਉਨ੍ਹਾਂ ਪ੍ਰਤੀ ਸ਼ਰਧਾ, ਸਤਿਕਾਰ ਨੂੰ ਪ੍ਰਬਲ ਕੀਤਾ ਤੇ ਮੈਂ ਉਨ੍ਹਾਂ ਦਾ ਸ਼ਿਸ਼ ਬਣਨ ਲਈ ਠਾਣ ਲਈ।

ਇਨ੍ਹਾਂ ਪ੍ਰਭਾਵਾਂ ਦੇ ਫਲਸਰੂਪ ਮੇਰੇ ਪਿਤਾ ਜੀ ਮੈਨੂੰ ਭਾਈ ਸਾਹਿਬ ਦੇ ਘਰ ਲੈ ਗਏ। ਸਾਡਾ ਘਰ ਉਨ੍ਹਾਂ ਤੋਂ ਬਹੁਤ ਦੂਰ ਨਹੀਂ ਸੀ। ਉਥੇ ਮੈਨੂੰ ਉਨ੍ਹਾਂ ਦੇ ਚਰਨਾਂ ਵਿਚ ਬਿਠਾ ਕੇ ਪਿਤਾ ਜੀ ਨੇ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਇਸ ਬੱਚੇ 'ਤੇ ਬਖ਼ਸ਼ਿਸ਼ ਕਰੋ। ਭਾਈ ਸਾਹਿਬ ਨੇ ਪ੍ਰਵਾਨਗੀ ਦੇ ਦਿੱਤੀ। ਉਨ੍ਹਾਂ ਨੇ ਆਪਣਾ ਦਿਲਰੁਬਾ ਸੁਰ ਕਰਕੇ ਮੇਰੇ ਹੱਥਾਂ ਵਿਚ ਫੜਾ ਦਿੱਤਾ ਤੇ ਕਿਹਾ ਕਿ ਵਜਾਉ। ਸ਼ਾਮ ਦਾ ਸਮਾਂ ਹੋਣ ਕਰਕੇ ਕਲਿਆਣ ਵਜਾਇਆ। ਦਿਲਰੁਬਾ ਸੁਣ ਕੇ ਭਾਈ ਸਾਹਿਬ ਬਹੁਤ ਖ਼ੁਸ਼ ਹੋਏ ਕਿਉਂਕਿ ਉਹ ਤੰਤੀ ਸਾਜ਼ਾਂ ਨੂੰ ਬਹੁਤ ਪਸੰਦ ਕਰਦੇ ਸਨ।

ਮਾਰਚ ਸੰਨ 1968 ਦੀ ਗੱਲ ਹੈ। ਭਾਈ ਸਾਹਿਬ ਜੀ ਦੀ ਪ੍ਰਵਾਨਗੀ ਮਿਲਣ ਉਪਰੰਤ ਮੈਂ ਉਨ੍ਹਾਂ ਦੇ ਘਰ ਅਕਸਰ ਜਾਣ ਲਗ ਪਿਆ। ਉਹ ਬਿਰਧ ਹੋਣ ਕਰਕੇ ਅੰਦਰ ਬਾਹਰ ਪ੍ਰੋਗਰਾਮ ਘਟ ਹੀ ਲੈਂਦੇ ਸਨ। ਉਨ੍ਹਾਂ ਦਾ ਨੇਮ ਸੀ ਕਿ ਸ਼ਾਮ ਨੂੰ ਇਕ ਸ਼ਬਦ ਦਾ ਕੀਰਤਨ ਹਰ ਰੋਜ਼ ਆਪਣੇ ਘਰ ਵਿਚ ਰਹਿਰਾਸਿ ਸਾਹਿਬ ਦੇ ਪਾਠ ਉਪਰੰਤ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਵਿਚ ਕਰਦੇ ਸਨ। ਮੈਂ ਤਕਰੀਬਨ ਹਰ ਰੋਜ਼ ਉਨ੍ਹਾਂ ਦੀ ਸੰਗਤ ਕਰਦਾ। ਮੇਰਾ ਉਹਨਾਂ ਨਾਲ ਸੰਪਰਕ ਜੁੜਦਾ ਗਿਆ। ਜੇਕਰ ਕਿਸੇ ਦਿਨ ਕਾਰਨਵਸ ਮੈਂ ਨਾ ਜਾ ਸਕਦਾ ਤਾਂ ਉਹ ਮੈਨੂੰ ਸੁਨੇਹਾ ਭੇਜ ਦਿੰਦੇ। ਮੈਨੂੰ ਉਹਨਾਂ ਦੇ ਰੋਜ਼ਾਨਾ ਮੇਲ ਜੋਲ ਤੋਂ ਅੰਤ੍ਰੀਵ ਖ਼ੁਸ਼ੀ ਹਾਸਲ ਹੁੰਦੀ। ਮੈਂ ਦੇਰ ਰਾਤ ਤਕ ਉਨ੍ਹਾਂ ਪਾਸ

ਠਹਿਰਦਾ। ਰਾਤ ਸੌਣ ਸਮੇਂ ਮੈਂ ਦਿਲਰੁਬਾ ਦੀਆਂ ਮਿਠੀਆਂ ਸੁਰਾਂ ਛੂੰਹਦਾ। ਕਦੀ ਨਿਜੀ ਤੌਰ 'ਤੇ ਸੇਵਾ ਵਿਚ ਰੁਝ ਜਾਂਦਾ। ਜਦੋਂ ਉਹ ਸੌਂ ਜਾਂਦੇ ਮੈਂ ਘਰ ਪਰਤ ਆਉਂਦਾ। ਮਾਤਾ ਦਯਾ ਕੌਰ ਜੀ ਵੀ ਮੈਨੂੰ ਨਿੱਘੀਆਂ ਤੇ ਪਿਆਰੀਆਂ ਨਜ਼ਰਾਂ ਨਾਲ ਤੱਕਦੇ ਤੇ ਇਕੋ ਸਾਹੀਂ ਕਈ ਕਈ ਅਸੀਸਾਂ ਨਾਲ ਨਿਵਾਜਦੇ। ਉਨ੍ਹਾਂ ਦਾ ਆਪਣਾ ਬੇਟਾ ਤਾਂ ਕਈ ਕੋਹਾਂ ਦੂਰ ਸੀ। ਉਨ੍ਹਾਂ ਵਿਚ ਤਿਆਗ, ਦਯਾ ਤੇ ਪਿਆਰ ਦਾ ਅਥਾਹ ਸਾਗਰ ਠਾਠਾਂ ਮਾਰਦਾ ਸੀ। ਮੈਂ ਤੱਕਦਾ ਉਹ ਹਰ ਆਏ ਗਏ ਮਹਿਮਾਨ ਨੂੰ ਸਹੀ ਆਓ ਭਗਤ ਕਰਕੇ ਨਿਵਾਜਦੇ। ਉਹਨਾਂ ਦੀ ਅਣਥੱਕ ਸੇਵਾ ਵੀ ਕੌਮ ਪ੍ਰਤੀ ਬੇਮਿਸਾਲ ਸੀ। ਮੈਂ ਭਾਈ ਸਾਹਿਬ ਦੇ ਚਰਨਾਂ ਵਿਚ ਉਨ੍ਹਾਂ ਦੀਆਂ ਗਾਈਆਂ ਰੀਤਾਂ ਨੂੰ ਦੁਹਰਾਉਂਦਾ। ਘਰ ਆ ਕੇ ਵੀ ਅਭਿਆਸ ਕਰਦਾ। ਹੌਲੀ ਹੌਲੀ ਉਨ੍ਹਾਂ ਦੀ ਗਾਇਕੀ ਮੇਰੇ ਅੰਦਰ ਵੱਸਦੀ, ਧੱਸਦੀ ਤੇ ਰੱਸਦੀ ਗਈ। ਇਹ ਦੁਵੱਲੀ ਖਿੱਚ ਅੰਤਿਮ ਸਮੇਂ ਤਕ ਜਾਰੀ ਰਹੀ।

ਮੈਂ ਭਾਈ ਸਾਹਿਬ ਦੀ ਨੇੜਤਾ ਤੇ ਨਿੱਘ ਨੂੰ ਕੁਝ ਵਰ੍ਹੇ ਹੀ ਖੁਲ੍ਹ ਕੇ ਮਾਣ ਸਕਿਆ। ਇਸ ਸਮੇਂ ਦੇ ਦੌਰਾਨ ਕਿਉਂਕਿ ਉਨ੍ਹਾਂ ਦੇ ਸਾਥੀ ਨਾਲ ਨਹੀਂ ਸਨ, ਰੇਡੀਉ ਪ੍ਰੋਗਰਾਮ ਕਰਨ ਲਈ ਉਹ ਮੈਨੂੰ ਨਾਲ ਲਿਜਾਣ ਲਗ ਪਏ।

ਮੈਨੂੰ ਇਕ ਘਟਨਾ ਯਾਦ ਹੈ ਕਿ ਇਕ ਵਾਰ ਉਹ ਮੈਨੂੰ ਆਪਣੇ ਨਾਲ ਅੰਮ੍ਰਿਤਸਰ ਲੈ ਕੇ ਗਏ। ਅਸੀਂ ਮਜੀਠਾ ਹਾਊਸ ਇਕ ਹਫਤਾ ਠਹਿਰੇ ਜਿਥੇ ਸਵੇਰੇ ਸ਼ਾਮ ਸੰਗਤ ਜੁੜਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਰਤਨ ਕਰਨ ਉਪਰੰਤ ਮੈਂ ਸਾਰਾ ਦਿਨ ਤੇ ਰਾਤ ਭਾਈ ਸਾਹਿਬ ਦੀ ਸੇਵਾ ਵਿਚ ਗੁਜ਼ਾਰਦਾ। ਇਸ ਸਮੇਂ ਦੇ ਦੌਰਾਨ ਮੈਨੂੰ ਭਾਈ ਸਾਹਿਬ ਨੇ ਅਤੁੱਟ ਪਿਆਰ ਦਿੱਤਾ। ਉਨ੍ਹਾਂ ਦੀ ਗਾਇਕੀ ਦੀਆਂ ਛੁਹਾਂ ਮੇਰੇ ਅੰਦਰ ਧੱਸ ਗਈਆਂ।

ਇਸੇ ਸਮੇਂ ਦੌਰਾਨ ਅਸੀਂ ਇਕ ਦਿਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਰਸ਼ਨ ਲਈ ਗਏ। ਭਾਈ ਸਾਹਿਬ ਨੂੰ ਮੱਥਾ ਟੇਕਦਿਆਂ ਪਛਾਣ ਕੇ ਹਜ਼ੂਰੀ ਰਾਗੀ ਸਿੰਘ ਨੇ ਪੜ੍ਹ ਰਹੇ ਸ਼ਬਦ ਦਾ ਭੋਗ ਪਾ ਕੇ ਭਾਈ ਸਾਹਿਬ ਨੂੰ ਸ਼ਬਦ ਪੜ੍ਹਨ ਲਈ ਇਸ਼ਾਰਾ ਕੀਤਾ। ਭਾਈ ਸਾਹਿਬ ਨੇ ਸ਼ਬਦ ਪੜ੍ਹਿਆ :

*ਦਰਮਾਦੇ ਠਾਢੇ ਦਰਬਾਰਿ।।*
*ਤੁਝ ਬਿਨੁ ਸੁਰਤਿ ਕਰੈ ਕੋ ਮੇਰੀ*
*ਦਰਸਨੁ ਦੀਜੈ ਖੋਲ੍ਹਿ ਕਿਵਾਰ।।*

ਮੈਂ ਅੰਦਰੋਂ ਗਦ ਗਦ ਹੋ ਉਠਿਆ ਕਿ ਅੱਜ ਭਾਈ ਸਾਹਿਬ ਜੀ ਸਦਕਾ ਮੈਨੂੰ ਸੱਚਖੰਡ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ ਕਰਨ ਦਾ ਮੌਕਾ ਮਿਲਿਆ ਹੈ।

ਜਦੋਂ ਪੰਜਾਬ ਸਰਕਾਰ ਨੇ ਭਾਈ ਸਾਹਿਬ ਨੂੰ ਸ਼੍ਰੋਮਣੀ ਰਾਗੀ ਵਜੋਂ ਭਾਈ ਮਰਦਾਨਾ ਐਵਾਰਡ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਤਾਂ ਚੰਡੀਗੜ੍ਹ ਦੇ ਟੈਗੋਰ ਥੀਏ-ਟਰ ਵਿਚ ਹੋਏ ਸਨਮਾਨ ਸਮਾਰੋਹ ਵਿਚ ਮੈਂ ਸੁਰ ਮੰਡਲ 'ਤੇ ਭਾਈ ਸਾਹਿਬ ਦਾ ਸਾਥ ਦਿੱਤਾ।

ਇਕ ਵਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਡਾ: ਤਾਰਨ ਸਿੰਘ ਤੇ ਉਨ੍ਹਾਂ ਦੇ ਸਾਥੀ ਪਿਆਰਾ ਸਿੰਘ ਪਦਮ ਤੇ ਡਾ: ਬਲਕਾਰ ਸਿੰਘ ਭਾਈ ਸਾਹਿਬ ਜੀ ਦੇ ਘਰ ਰਿਕਾਰਡਿੰਗ ਲਈ ਆਏ। ਉਸ ਸਮੇਂ ਮੈਨੂੰ ਭਾਈ ਸਾਹਿਬ ਨਾਲ ਤਾਨਪੁਰੇ 'ਤੇ ਗਾਇਨ ਕਰਨ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ। ਭਾਈ ਸਾਹਿਬ ਜੀ ਦੀ ਸੰਗਤ ਸਦਕਾ ਮੈਨੂੰ ਸਿੱਖ ਸੰਗਤ ਵਲੋਂ ਵੱਡਮੁੱਲਾ ਮਾਣ, ਸਤਿਕਾਰ ਅਤੇ ਪਿਆਰ ਮਿਲਿਆ।

ਮੈਂ ਭਾਈ ਸਾਹਿਬ ਜੀ ਦੀ ਯਾਦ ਨੂੰ ਆਪਣੇ ਜ਼ਿਹਨ ਵਿਚ ਸਦਾ ਵਸਾਈ ਰੱਖਣ ਲਈ ਤੇ ਆਪਣੇ ਭਾਵਾਤਮਕ ਸਾਂਝ ਨੂੰ ਹੋਰ ਦ੍ਰਿੜ੍ਹ ਕਰਨ ਵਜੋਂ ਆਪਣੇ ਮੁਲਾਂਪੁਰ ਸਥਿਤ ਗ੍ਰਹਿ ਦਾ ਨਾਮ ਸ੍ਵਰ ਸਮੁੰਦ ਰਖਿਆ, ਜਿਥੇ ਅੱਜ ਤਕ ਭਾਈ ਸਮੁੰਦ ਸਿੰਘ ਜੀ ਦੀ ਰੀਕਾਰਡਿਡ ਆਵਾਜ਼ ਹਮੇਸ਼ਾ ਗੂੰਜਦੀ ਰਹਿੰਦੀ ਹੈ।

ਅੱਜ ਵੀ ਜਦੋਂ ਮੈਂ ਉਨਾਂ ਦੀਆਂ ਬੰਦਸ਼ਾਂ, ਰੀਤਾਂ ਤੇ ਤਾਲਾਂ ਵਿਚ ਸ਼ਬਦਾਂ ਦਾ ਗਾਇਨ ਕਰਦਾ ਹਾਂ ਤਾਂ ਸਿੱਖ ਸੰਗਤਾਂ ਵਿਚ ਕਈ ਬਜ਼ੁਰਗ ਮੈਨੂੰ ਗਲਵਕੜੀ ਵਿਚ ਲੈ ਪਿਆਰ ਦਿੰਦੇ ਹਨ ਤੇ ਕਹਿੰਦੇ ਹਨ ਕਿ ਅੱਜ ਸਾਨੂੰ ਭਾਈ ਸਾਹਿਬ ਜੀ ਦੀ ਗਾਇਕੀ ਦਾ ਅਨੰਦ ਦਿਵਾ ਦਿੱਤਾ ਹੈ। ਮੈਨੂੰ ਉਦੋਂ ਬੇਹੱਦ ਪ੍ਰਸੰਨਤਾ ਹੋਈ ਜਦੋਂ 1978 ਵਿਚ ਮੇਰੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਮੇਰੀ ਗੁਜ਼ਾਰਿਸ਼ 'ਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪ੍ਰਬੰਧਕਾਂ ਨੇ ਗੁਰਮਤਿ ਸੰਗੀਤ ਅਕੈਡਮੀ ਦਾ ਨਾਮ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ ਰੱਖ ਦਿੱਤਾ ਤੇ ਮੈਨੂੰ ਆਨਰੇਰੀ ਪ੍ਰਿੰਸੀਪਲ ਥਾਪ ਕੇ ਉਨ੍ਹਾਂ ਦੀਆਂ ਸੇਵਾਵਾਂ ਪ੍ਰਤੀ ਸਮਰਪਿਤ ਹੋਣ ਦਾ ਮੌਕਾ ਦਿੱਤਾ।

ਇਸ ਅਕੈਡਮੀ ਦਾ ਉਦਘਾਟਨ ਭਾਈ ਸਾਹਿਬ ਜੀ ਦੀ ਸੁਪਤਨੀ ਬੀਬੀ ਦਯਾ ਕੌਰ ਜੀ ਤੋਂ ਕਰਵਾਇਆ ਜਿਨ੍ਹਾਂ ਨੇ ਭਾਈ ਸਾਹਿਬ ਜੀ ਦਾ ਤਾਨਪੁਰਾ ਇਸ ਸੰਸਥਾ ਨੂੰ ਭੇਂਟ ਕਰ ਕੇ ਉਹਨਾਂ ਦੀ ਯਾਦ ਸਦੀਵੀ ਬਣਾ ਦਿੱਤੀ।

ਬੜੇ ਅਰਸੇ ਤੋਂ ਮੇਰੇ ਮਨ ਵਿਚ ਬਾਰ ਬਾਰ ਇਹ ਸੰਕਲਪ ਪੈਦਾ ਹੁੰਦਾ ਰਿਹਾ ਕਿ ਭਾਈ ਸਾਹਿਬ ਵਰਗੇ ਅਨਮੋਲ, ਦੁਰਲੱਭ ਤੇ ਵਿਲੱਖਣ ਹੀਰੇ ਤੋਂ ਕੌਮ ਨੂੰ ਜਾਣੂੰ ਕਰਵਾਇਆ ਜਾਏ ਤਾਂ ਜੋ ਮੈਂ ਉਹਨਾਂ ਦੀ ਦਿੱਤੀ ਦਾਤ ਦਾ ਕੁਝ ਕਰਜ਼ਾ ਚੁਕਾ ਸਕਾਂ।

ਇਸ ਲਈ ਸਮੇਂ ਸਮੇਂ ਤੇ ਪ੍ਰਸਿੱਧ ਰਾਗੀਆਂ, ਲੇਖਕਾਂ, ਵਿਦਵਾਨਾਂ ਨਾਲ ਪੱਤਰ ਵਿਹਾਰ ਕਰਕੇ ਤੇ ਨਿੱਜੀ ਸੰਪਰਕ ਪੈਦਾ ਕਰਕੇ ਉਹਨਾਂ ਬਾਰੇ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਵਿਚ ਰਿਹਾ। ਲੰਮੀ ਘਾਲਣਾ ਤੋਂ ਬਾਅਦ ਕੁਝ ਵਿਸ਼ਾ-ਸਮੱਗਰੀ ਪ੍ਰਾਪਤ ਹੋ ਸਕੀ ਹੈ।

ਇਕ ਦਿਨ ਮੈਂ ਸਟੱਡੀ ਸਰਕਲ ਦੇ ਪ੍ਰਬੰਧਕਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਨੇ ਮੇਰੇ ਇਸ ਸੰਕਲਪ ਨੂੰ ਪੂਰਾ ਕਰਨ ਲਈ ਬੀੜਾ ਚੁਕਿਆ। ਉਨ੍ਹਾਂ ਦੀ ਕਾਰਗੁਜ਼ਾਰੀ ਸਦਕਾ ਭਾਈ ਸਾਹਿਬ ਪ੍ਰਤੀ ਬਹੁ-ਪੱਖੀ ਜਾਣਕਾਰੀ ਪੁਸਤਕ ਰੂਪ ਵਿਚ ਛੱਪ ਸਕੀ ਹੈ।

ਮੈਨੂੰ ਅਤਿਅੰਤ ਖ਼ੁਸ਼ੀ ਹੈ ਕਿ ਮੈਂ ਮੁਦਤਾਂ ਤੋਂ ਬਾਅਦ ਆਪਣਾ ਸੁਪਨਾ ਸਾਕਾਰ ਕਰ ਸਕਿਆ। ਭਾਈ ਸਾਹਿਬ ਜੀ ਦੀ ਜੀਵਨੀ ਅੱਡ ਅੱਡ ਪੱਧਰ ਦੇ ਸਿਲੇਬਸ ਦਾ ਹਿੱਸਾ ਹੋਣ ਕਾਰਨ ਸੰਗੀਤ ਦੇ ਵਿਦਿਆਰਥੀਆਂ ਨੂੰ ਵੀ ਯੋਗ ਅਗਵਾਈ ਦੇ ਸਕੇਗੀ।

ਮੈਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕੰਮ ਨੂੰ ਨੇਪਰੇ ਚਾੜ੍ਹਿਆ। ਭਾਈ ਸਾਹਿਬ ਜੀ ਦੇ ਸਪੁੱਤਰ ਨੇ ਵੀ ਮਾਇਕ ਸਹਾਇਤਾ ਕਰਕੇ ਆਪਣੇ ਪਿਤਾ ਦੀ ਯਾਦ ਨੂੰ ਤਾਜ਼ਾ ਕਰਨ ਲਈ ਇਸ ਸੇਵਾ ਵਿਚ ਅਹਿਮ ਹਿੱਸਾ ਪਾਇਆ।

ਅੰਤ ਵਿਚ ਮੈਂ ਉਨ੍ਹਾਂ ਸਾਰੇ ਰਾਗੀਆਂ, ਲੇਖਕਾਂ ਤੇ ਵਿਦਵਾਨਾਂ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਸਦਕਾ ਇਹ ਪੁਸਤਕ ਹੋਂਦ ਵਿਚ ਆਈ ਹੈ। ਮੈਂ ਆਪਣੀ ਸੁਯੋਗ ਸੁਪਤਨੀ ਪ੍ਰੋ: ਪਰਮਜੀਤ ਕੌਰ ਦਾ ਧੰਨਵਾਦ ਕੀਤੇ ਬਿਨਾਂ ਨਹੀਂ ਰਹਿ ਸਕਦਾ ਜਿਨ੍ਹਾਂ ਨੇ ਲੇਖਾਂ ਨੂੰ ਤਰਤੀਬ ਦੇਣ ਵਿਚ ਬਹੁਤ ਲਗਨ ਤੇ ਮਿਹਨਤ ਨਾਲ ਆਪਣਾ ਹਿੱਸਾ ਪਾਇਆ। ਭਾਈ ਸਾਹਿਬ ਜੀ ਵਲੋਂ ਗਾਇਣ ਕੀਤੀਆਂ ਨੋਟੇਸ਼ਨਾਂ ਤੇ ਅਧਾਰਿਤ ਹੋਰ ਪੁਸਤਕ ਛਾਪਣ ਦਾ ਵੀ ਜਤਨ ਕਰਾਂਗੇ।

*-ਪਰਮਜੋਤ ਸਿੰਘ*
*93, ਸਵੱਰ ਸਮੁੰਦ,*
*ਦਾਖਾ ਕਾਲਜ ਰੋਡ,*
*ਮੁੱਲਾਂਪੁਰ*
*ਜ਼ਿਲ੍ਹਾ ਲੁਧਿਆਣਾ*
*ਫ਼ੋਨ - 878783*

# ਮੇਰੇ ਪਿਤਾ ਜੀ ਦਾ ਜੀਵਨ ਬਿਰਤਾਂਤ

*-ਹਰਭਜਨ ਸਿੰਘ, ਅਮਰੀਕਾ*

ਉਨ੍ਹੀਵੀਂ ਸਦੀ ਦੇ ਅੰਤਲੇ ਵਰ੍ਹੇ ਦੇ ਪਹਿਲੇ ਹੀ ਦਿਨ ਭਾਈ ਹਜ਼ੂਰਾ ਸਿੰਘ ਜੀ ਦੇ ਘਰ ਮੇਰੇ ਪਿਤਾ ਜੀ ਨੇ ਜਨਮ ਲਿਆ। ਉਹ ਜੰਗਲਾਤ ਵਿਭਾਗ ਵਿਚ ਇਕ ਅਫ਼ਸਰ ਸਨ। ਮੇਰੇ ਦਾਦਾ ਜੀ ਨੂੰ ਕੀ ਪਤਾ ਸੀ ਕਿ ਉਨ੍ਹਾਂ ਦਾ ਇਕਲੌਤਾ ਚੰਨ ਇਕ ਦਿਨ ਅਜਿਹਾ ਚਮਕੇਗਾ ਕਿ ਕੁਲਾਂ ਹੀ ਤਾਰ ਦੇਵੇਗਾ। ਪਿਤਾ ਦੀਆਂ ਦੋ ਵੱਡੀਆਂ ਭੈਣਾਂ ਸਨ ਜਿਨ੍ਹਾਂ ਨੇ ਬੇਨਤੀਆਂ ਕਰਕੇ ਵੀਰ ਮੰਗਿਆ ਸੀ ਅਤੇ ਖੇਡਣ ਦੀ ਹੀ ਉਮਰ ਸੀ। ਜਦੋਂ ਕਿ ਉਨ੍ਹਾਂ ਦੇ ਹਮਉਮਰ ਗੁੱਲੀ ਡੰਡਾ ਖੇਡਦੇ ਸਨ, ਉਨ੍ਹਾਂ ਹਾਰਮੋਨੀਅਮ ਦੀਆਂ ਸੁਰਾਂ ਨੂੰ ਜਾ ਹੱਥ ਪਾਇਆ ਤੇ ਕੇਵਲ 7 ਸਾਲ ਦੀ ਉਮਰ ਵਿਚ ਪਹਿਲੀ ਵਾਰ ਸਿੱਖ ਵਿਦਿਅਕ ਕਾਨਫ਼ਰੰਸ ਫ਼ਿਰੋਜ਼ਪੁਰ ਵਿਖੇ ਇਹ ਸ਼ਬਦ ਗਾਇਆ :-

*ਕਿਰਤਿ ਕਰਮ ਕੇ ਵੀਛੁੜੇ*

ਉਨ੍ਹਾਂ ਨੂੰ ਪੰਡਾਲ ਵਿਚ ਬੈਠੀਆਂ ਸੰਗਤਾਂ ਨੇ ਉਚੇ ਹੋ ਹੋ ਕੇ ਦੇਖਿਆ। ਬੜੀ ਪ੍ਰਸੰਸਾ ਮਿਲੀ। ਕੁਝ ਵਕਤ ਦੇ ਜਾਣਕਾਰ ਲੋਕਾਂ ਨੇ ਇਹ ਪੇਸ਼ੀਨਗੋਈ ਕੀਤੀ ਕਿ ਇਹ ਬੱਚਾ ਜ਼ਿੰਦਗੀ ਵਿਚ ਕੁਝ ਬਣੇਗਾ। ਅਕਾਲ ਪੁਰਖ ਨੇ ਆਪ ਬਖ਼ਸ਼ਿਸ਼ ਕਰਕੇ ਉਨ੍ਹਾਂ ਲਈ ਗਾਇਕੀ ਦਾ ਰਾਹ ਹੋਰ ਪੱਧਰਾ ਕਰ ਦਿੱਤਾ। ਪਿਤਾ ਜੀ ਸਾਰਾ ਸਾਰਾ ਦਿਨ ਰਿਆਜ਼ ਕਰਨ ਵਿਚ ਰੁਝ ਗਏ। ਗਾਇਕੀ ਦੀਆਂ ਕੁਝ ਬਾਰੀਕ ਰਮਜ਼ਾਂ ਉਨ੍ਹਾਂ ਨੇ ਸਾਡੇ ਦਾਦਾ ਜੀ ਤੋਂ ਸਿੱਖੀਆਂ। ਸਾਡੇ ਦਾਦਾ ਭਾਈ ਹਜ਼ੂਰਾ ਸਿੰਘ ਜੀ ਜੋ ਬਾਬਾ ਮਿਸ਼ਰਾ ਸਿੰਘ ਜੀ ਦੇ ਡੇਰੇ ਤੋਂ ਗਾਇਕੀ ਸਿੱਖੇ ਹੋਏ ਸਨ, ਨੇ ਆਪਣੇ ਪੁੱਤਰ ਨੂੰ ਵੀ ਇਸ ਪਿੜ ਵਿਚ ਪ੍ਰਵੇਸ਼ ਕਰਵਾਇਆ।

ਮੇਰੇ ਪਿਤਾ ਜੀ ਦੀ ਦਿੱਖ ਬਹੁਤ ਪ੍ਰਭਾਵਸ਼ਾਲੀ ਸੀ। ਰੰਗ ਗੋਰਾ, ਕੱਦ ਮਧਰਾ ਤੇ ਨੈਣ ਨਕਸ਼ ਤਿੱਖੇ ਸਨ। ਉਹ ਜਵਾਨੀ ਵਿਚ ਰੇਸ਼ਮੀ ਪਗੜੀ, ਚਿੱਟਾ ਕੁੜਤਾ-ਪਜਾਮਾ ਤੇ ਬਦਾਮੀ ਰੰਗ ਦੀ ਵਾਸਕਟ ਪਹਿਨਦੇ ਸਨ। ਵੱਡੀ ਉਮਰ ਵਿਚ ਜਾ ਕੇ ਉਨ੍ਹਾਂ ਨੇ ਨੀਲੀ ਦਸਤਾਰ ਤੇ ਚੂੜੀਦਾਰ ਪਜਾਮਾ ਪਹਿਨਿਆ। ਪਗੜੀ ਦੇ ਪੇਚ ਇੰਨੇ ਸਾਫ ਸੁਥਰੇ ਹੁੰਦੇ ਜਿੰਨੇ ਉਨ੍ਹਾਂ ਦੀ ਗਾਇਕੀ ਦੇ ਤਾਨ ਪਲਟੇ।

ਸਿਰਫ ਸਤਾਰਾਂ ਸਾਲ ਦੀ ਉਮਰ ਵਿਚ ਉਨ੍ਹਾਂ ਦੀ ਸ਼ਾਦੀ ਹੋ ਗਈ। ਮੇਰੇ ਮਾਤ ਦਯਾ ਕੌਰ ਜੀ ਬਹੁਤ ਧਾਰਮਿਕ ਰੁਚੀਆਂ ਦੇ ਮਾਲਕ ਸਨ। ਉਹ ਨਿਤਨੇਮ ਤੋਂ ਬਿਨ ਹਰ ਰੋਜ਼ ਦੋ ਸੁਖਮਨੀ ਸਾਹਿਬ ਦੇ ਪਾਠ ਕਰਦੇ ਸਨ। ਉਨ੍ਹਾਂ ਦੇ ਸਾਥ ਸਦਕਾ ਪਿਤਾ

ਜੀ ਨੇ ਧਾਰਮਿਕ ਤੇ ਗ੍ਰਹਿਸਤ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਬਾਹਿਆ।

ਮੈਂ ਆਪਣੇ ਪਿਤਾ ਜੀ ਦਾ ਇਕਲੌਤਾ ਪੁੱਤਰ ਹਾਂ ਤੇ ਮੇਰੀਆਂ ਤਿੰਨ ਵੱਡੀਆਂ ਭੈਣਾਂ ਹਨ। ਮੇਰੇ ਪਿਤਾ ਜੀ ਸਾਨੂੰ ਪੜ੍ਹਾਉਣ ਦਾ ਬਹੁਤ ਸ਼ੌਕ ਰਖਦੇ ਸਨ। ਉਨ੍ਹਾਂ ਦੇ ਉਪਰਾਲੇ ਸਦਕਾ ਅਸੀਂ ਸਭ ਨੇ ਉੱਚੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਜਿਸ ਕਰਕੇ ਮੇਰੀਆਂ ਦੋ ਭੈਣਾਂ ਨੂੰ ਪ੍ਰਿੰਸੀਪਲ ਦਾ ਅਹੁਦਾ ਪ੍ਰਾਪਤ ਹੋਇਆ ਤੇ ਮੇਰੀ ਇਕ ਭੈਣ ਨੇ ਸੀਨੀਅਰ ਅਧਿਆਪਕ ਵਜੋਂ ਨੌਕਰੀ ਕੀਤੀ। ਮੈਂ ਇੰਜੀਨੀਅਰ ਦੀ ਡਿਗਰੀ ਲਈ। ਮੇਰੇ ਪਿਤਾ ਜੀ ਨੂੰ ਕਈਆਂ ਨੇ ਕਿਹਾ ਕਿ ਤੁਸੀਂ ਆਪਣੇ ਪੁੱਤਰ ਨੂੰ ਇਸ ਪਾਸੇ ਵੱਲ ਕਿਉਂ ਨਹੀਂ ਪਾਇਆ। ਉਨ੍ਹਾਂ ਕਿਹਾ ਕਿ ਪਹਿਲਾਂ ਪੜ੍ਹ ਲਵੇ। ਪਰ ਵਿਰਸੇ ਨਾਲ ਜੁੜੀ ਚੀਜ਼ ਜ਼ਰੂਰ ਰੰਗਤ ਦਿਖਾਉਂਦੀ ਹੈ। ਮੈਂ ਪ੍ਰਦੇਸ਼ ਵਿਚ ਬੈਠਾ ਵੀ ਪਿਤਾ ਜੀ ਦੀਆਂ ਗਾਈਆਂ ਰੀਤਾਂ ਦਾ ਸ਼ੌਕ ਵਜੋਂ ਕੀਰਤਨ ਕਰਦਾ ਹਾਂ। ਮੇਰਾ ਲੜਕਾ ਤਬਲੇ 'ਤੇ ਮੇਰੀ ਸੰਗਤ ਕਰਦਾ ਹੈ।

ਮੇਰੇ ਪਿਤਾ ਜੀ ਨਨਕਾਣਾ ਸਾਹਿਬ ਵਿਖੇ ਸ਼੍ਰੋਮਣੀ ਰਾਗੀ ਵਜੋਂ ਪ੍ਰਸਿੱਧ ਹੋਏ। ਰਬਾਬੀ ਗਵੱਈਏ ਵੀ ਉਨ੍ਹਾਂ ਦੀ ਗਾਇਕੀ ਦਾ ਸਿੱਕਾ ਮੰਨਦੇ ਸਨ। ਉਨ੍ਹਾਂ ਛਾਤੀ ਦੇ ਜ਼ੋਰ ਨਾਲ ਗਾਉਣਾ। ਢਿੱਲੀ ਗਾਇਕੀ ਨੂੰ ਉਹ ਉੱਕਾ ਹੀ ਪਸੰਦ ਨਹੀਂ ਸੀ ਕਰਦੇ। ਪਿਤਾ ਜੀ ਦੇ ਵਿਚਾਰ ਸਨ ਕਿ ਦੋ ਕਿਸਮ ਦੇ ਰਾਗੀ ਹਨ-ਇਕ ਸਧਾਰਨ ਗਾਇਕੀ ਵਾਲੇ, ਜੋ ਗੁਰਬਾਣੀ 'ਤੇ ਜ਼ੋਰ ਦਿੰਦੇ ਹਨ ਅਤੇ ਸਿੱਧੀਆਂ ਧਾਰਨਾਂ ਕਰਕੇ ਆਮ ਸੰਗਤਾਂ ਵਿਚ ਸਨਮਾਨੇ ਜਾਂਦੇ ਹਨ ਕਿਉਂਕਿ ਆਮ ਲੋਕ ਵੀ ਰਾਗ ਸੁਨਣ ਦੀ ਸਮਰੱਥਾ ਨਹੀਂ ਰੱਖਦੇ। ਦੂਸਰੇ ਗਵਾਇਸ਼ ਦੇ ਸ਼ੌਕੀਨ ਜੋ ਗੁਰਬਾਣੀ ਨੂੰ ਪਿਛੇ ਛੱਡ ਜਾਂਦੇ ਹਨ। ਮੇਰੇ ਪਿਤਾ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਆਸ਼ੇ ਮੁਤਾਬਕ ਵਿਲੱਖਣ ਢੰਗ ਨਾਲ ਗੁਰਬਾਣੀ ਤੇ ਰਾਗ ਦਾ ਸੁਮੇਲ ਕੀਤਾ। ਗਾਇਕੀ ਵਿਚ ਉਹ ਕਿਸੇ ਰਬਾਬੀ ਜਾਂ ਗਵੱਈਏ ਤੋਂ ਘੱਟ ਨਹੀਂ ਸਨ। ਤਾਨ ਪਲਟੇ ਅਤੇ ਲੈਅ ਦੇ ਧਨੀ ਸਨ ਪਰ ਗਵਾਇਸ਼ ਨੂੰ ਕਦੀ ਹਾਵੀ ਨਹੀਂ ਸੀ ਹੋਣ ਦਿੰਦੇ। ਉਹ ਕਹਿੰਦੇ ਸਨ, "ਗੁਰਬਾਣੀ ਦਾ ਸਥਾਨ ਉੱਚਾ ਹੈ। ਰਾਗ ਗੁਰਬਾਣੀ ਦਾ ਰੱਥ ਹੈ, ਉਸਨੂੰ ਜਿੰਨਾ ਸੰਵਾਰੋਗੇ, ਓਨਾ ਹੀ ਰਸ ਵਧੇਗਾ।"

ਇਸੇ ਕਾਰਨ ਹੀ ਆਪਣੇ ਸਮੇਂ ਵਿਚ ਸੰਗਤਾਂ 'ਤੇ ਉਨ੍ਹਾਂ ਦੀ ਗਾਇਕੀ ਦਾ ਪ੍ਰਭਾਵ ਚਮਤਕਾਰੀ ਰਿਹਾ। ਨਨਕਾਣਾ ਸਾਹਿਬ ਵਿਚ ਉਨ੍ਹਾਂ ਦੀ ਗਾਇਕੀ ਦਾ ਹੁਨਰ ਜੋਬਨ 'ਤੇ ਪਹੁੰਚਿਆ। ਉਹ ਕੀਰਤਨ ਦਰਬਾਰਾਂ ਦਾ ਸ਼ਿੰਗਾਰ ਬਣੇ। ਉਨ੍ਹਾਂ ਦੁਆਰਾ ਗਾਏ ਸ਼ਬਦ ਸੋਰਠਿ ਰਾਗ ਵਿਚ *'ਪ੍ਰਭ ਮੋਹਿ ਕਬ ਗਲ ਲਾਵਹਿਗੇ'*, ਰਾਗ ਕਲਿਆਣ

ਵਿਚ *'ਕਿਉ ਜੀਵਨੁ ਪ੍ਰੀਤਮ ਬਿਨੁ ਮਾਈ'*, ਰਾਗ ਸਿੰਧ ਭੈਰਵੀ ਵਿਚ *'ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ'* ਬਹੁਤ ਦੇਰ ਤੱਕ ਸੰਗਤਾਂ ਵਲੋਂ ਫਰਮਾਇਸ਼ ਹੁੰਦੇ ਰਹੇ। ਉਨ੍ਹਾਂ ਆਪਣੇ ਸਮੇਂ ਦੌਰਾਨ ਸਵੇਰ ਦੇ ਸਮੇਂ ਦੇ ਰਾਗਾਂ ਵਿਚੋਂ ਰਾਮਕਲੀ, ਅਹੀਰ, ਭੈਰਉ ਤੇ ਆਸਾਵਰੀ ਬਹੁਤ ਮਿੱਠੀਆਂ ਬੰਦਸ਼ਾਂ ਵਿਚ ਗਾਏ।

ਉਨ੍ਹਾਂ ਦੀ ਸ਼ਬਦ ਤੇ ਰਾਗ ਦੀ ਚੋਣ ਬੜੀ ਵਿਲੱਖਣ ਤੇ ਢੁਕਵੀਂ ਹੁੰਦੀ। ਉਨ੍ਹਾਂ ਨੇ ਬਿਰਹਾ ਤੇ ਪ੍ਰਭੂ ਮਿਲਾਪ ਲਈ ਬੇਨਤੀ ਦੇ ਸ਼ਬਦਾਂ ਨੂੰ ਬਹੁਤ ਗਾਇਆ। ਸੋਰਠਿ ਰਾਗ ਵਿਚ ਉਨ੍ਹਾਂ ਦੁਆਰਾ ਗਾਇਆ ਸ਼ਬਦ *'ਭਿੰਨੀ ਰੈਨੜੀਐ ਚਾਮਕਨਿ ਤਾਰੇ'* ਬਹੁਤ ਪ੍ਰਵਾਨ ਚੜ੍ਹਿਆ। ਇਹ ਉਨ੍ਹਾਂ ਦਾ ਮਾਸਟਰ ਪੀਸ ਸੀ ਜਿਸ ਨੂੰ ਉਹ ਹਮੇਸ਼ਾ ਗੁਰੂ ਨਾਨਕ ਪ੍ਰਕਾਸ਼ ਉਤਸਵ 'ਤੇ ਦੇਰ ਰਾਤ ਨੂੰ ਨਨਕਾਣਾ ਸਾਹਿਬ ਵਿਖੇ ਗਾਇਨ ਕਰਦੇ।

ਅਖੀਰਲੀ ਉਮਰ ਵਿਚ ਰਾਗ ਹਮੀਰ, ਤਾਲ ਫਿਰੋਦਸਤ ਵਿਚ *'ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ'* ਸ਼ਬਦ ਬਹੁਤ ਪ੍ਰਚਲਤ ਹੋਇਆ।

ਉਹ ਆਜ਼ਾਦ ਖਿਆਲਾਂ ਦੇ ਮਾਲਕ ਸਨ, ਇਹੀ ਕਾਰਨ ਹੈ ਕਿ ਉਨ੍ਹਾਂ ਨੇ ਕਿਸੇ ਕਮੇਟੀ ਦੇ ਅਧੀਨ ਪੱਕੀ ਨੌਕਰੀ ਸਵੀਕਾਰ ਨਹੀਂ ਕੀਤੀ। ਉਹ ਖੁਲ੍ਹੇ ਤੌਰ 'ਤੇ ਵਿਚਰਦੇ ਸਨ ਤੇ ਕਿਸੇ ਮਾਇਕ ਸੌਦੇਬਾਜ਼ੀ ਵਿਚ ਨਹੀਂ ਸੀ ਪੈਂਦੇ। ਜੋ ਖ਼ੁਸ਼ੀ ਨਾਲ ਸੰਗਤ ਤੋਂ ਮਿਲੇ ਉਸ ਨੂੰ ਆਪਣੇ ਗੁਰੂ ਦੀ ਬਖ਼ਸ਼ਿਸ਼ ਸਮਝ ਕੇ ਸਵੀਕਾਰ ਕਰਦੇ। ਇਹੀ ਕਾਰਨ ਹੈ ਕਿ ਸੰਗਤਾਂ ਉਨ੍ਹਾਂ ਨੂੰ ਪਿਆਰ ਕਰਦੀਆਂ ਤੇ ਉਹ ਉਨ੍ਹਾਂ ਦੇ ਸੱਦੇ 'ਤੇ ਦੇਸ਼ ਦੇ ਕੋਨੇ ਕੋਨੇ'ਚ ਪਹੁੰਚਦੇ।

ਪਿਤਾ ਜੀ ਨੂੰ ਜਦੋਂ ਵੀ ਕਦੀ ਮੌਕਾ ਮਿਲਦਾ ਉਹ ਵੱਡੇ ਵੱਡੇ ਗਵੱਈਆਂ ਦੀ ਸੰਗਤ ਕਰਦੇ। ਆਪਣੇ ਸਮਕਾਲੀ ਰਾਗੀ ਭਾਈ ਸ਼ੇਰ ਸਿੰਘ ਹੋਰਾਂ ਨਾਲ ਉਨ੍ਹਾਂ ਦੀ ਬਹੁਤ ਨੇੜਤਾ ਸੀ। ਬੜੇ ਗ਼ੁਲਾਮ ਅਲੀ ਖ਼ਾਂ ਸਾਹਿਬ ਦੀ ਗਾਇਕੀ 'ਤੇ ਵੀ ਰੀਝਦੇ ਸਨ ਤੇ ਖ਼ਾਂ ਸਾਹਿਬ ਭਾਈ ਸਾਹਿਬ ਨੂੰ ਵੀ ਪੂਰਾ ਸਤਿਕਾਰ ਦਿੰਦੇ।

ਇਸ ਤੋਂ ਇਲਾਵਾ ਪਿਤਾ ਜੀ ਉਸ ਸਮੇਂ ਦੇ ਪੰਜਾਬੀ ਲਿਖਾਰੀਆਂ ਦੀਆਂ ਲਿਖਤਾਂ ਨੂੰ ਪੜ੍ਹਦੇ ਸਨ। ਭਾਈ ਵੀਰ ਸਿੰਘ ਤੇ ਪ੍ਰੋ: ਪੂਰਨ ਸਿੰਘ ਨਾਲ ਉਨ੍ਹਾਂ ਦਾ ਨਿਜੀ ਸੰਬੰਧ ਸੀ।

ਭਾਈ ਸਾਹਿਬ ਦਾ ਗਲਾ ਬਹੁਤ ਸੁਰੀਲਾ ਸੀ। ਉਹ ਆਮ ਗੱਵਈਆਂ ਵਾਂਗ ਖਾਣ-ਪੀਣ ਸਬੰਧੀ ਪ੍ਰਹੇਜ਼ ਨਹੀਂ ਕਰਦੇ ਸਨ। ਉਹ ਤਰ੍ਹਾਂ ਤਰ੍ਹਾਂ ਦੇ ਪਕਵਾਨਾਂ ਦੇ

ਸ਼ੌਕੀਨ ਸਨ। ਉਹ ਆਚਾਰ, ਮਿਰਚਾਂ, ਕੱਚਾ ਪਿਆਜ਼ ਤੇ ਸਭ ਕਰਾਰੀਆਂ ਚੀਜ਼ਾਂ ਖਾਣ ਦੇ ਸ਼ੌਕੀਨ ਸਨ।

ਮੇਰੇ ਪਿਤਾ ਜੀ ਖ਼ੁਸ਼ ਤਬੀਅਤ ਸਨ। ਜਦੋਂ ਵੀ ਸਮਾਂ ਮਿਲਦਾ, ਪ੍ਰਵਾਰ ਵਿਚ ਬੈਠੇ ਹਾਸਾ-ਠੱਠਾ ਕਰਿਆ ਕਰਦੇ। ਸਮਾਜ ਵਿਚ ਵਿਚਰਨ-ਘੇਰਾ ਮੋਕਲਾ ਹੋਣ ਕਰਕੇ ਉਹ ਆਪਣੇ ਅਨੁਭਵ ਸਾਡੇ ਸਾਰਿਆਂ ਨਾਲ ਸਾਂਝੇ ਕਰਦੇ।

ਸਮੁੱਚੇ ਰੂਪ ਵਿਚ ਮੈਂ ਤਾਂ ਇਹ ਕਹਾਂਗਾ ਕਿ ਮੇਰੇ ਪਿਤਾ ਜੀ ਨੇ ਆਪਣਾ ਸਾਰਾ ਜੀਵਨ ਗੁਰੂ ਨੂੰ, ਪੰਥ ਨੂੰ ਤੇ ਸੰਗਤ ਨੂੰ ਸਮਰਪਿਤ ਕੀਤਾ। ਮੈਂ ਉਨ੍ਹਾਂ ਦੇ ਸਪੁੱਤਰ ਹੋਣ ਦਾ ਮਾਣ ਮਹਿਸੂਸ ਕਰਦਾ ਹਾਂ। ਅਜੇ ਵੀ ਲਗਦਾ ਹੈ ਕਿ ਉਹ ਪ੍ਰਵਾਰ ਵਿਚ ਹੀ ਵਿਚਰ ਰਹੇ ਹਨ ਕਿਉਂਕਿ ਉਨ੍ਹਾਂ ਦੀ ਰਿਕਾਰਡਿਡ ਆਵਾਜ਼ ਪ੍ਰਵਾਰ ਵਿਚ ਗੂੰਜਦੀ ਹੈ। ਮੈਨੂੰ ਇਸ ਗੱਲ ਦੀ ਅਤਿਅੰਤ ਖ਼ੁਸ਼ੀ ਹੈ ਕਿ ਪਿਤਾ ਜੀ ਦੀ ਅਖ਼ੀਰਲੀ ਉਮਰ ਦੇ ਸ਼ਾਗਿਰਦ ਪਰਮਜੋਤ ਸਿੰਘ ਦਾ ਉਨ੍ਹਾਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਜੋ ਉੱਦਮ ਹੈ, ਉਹ ਸ਼ਲਾਘਾਯੋਗ ਹੈ।

❑

# ਅੱਲ੍ਹਾ ਦੀ ਆਵਾਜ਼

-ਭਾਈ ਅਵਤਾਰ ਸਿੰਘ
(ਸਾਬਕਾ ਹਜ਼ੂਰੀ ਹੈੱਡ ਰਾਗੀ
ਗੁਰਦੁਆਰਾ ਸੀਸ ਗੰਜ ਸਾਹਿਬ)

ਸਤਿਗੁਰੂ ਜੀ ਨੇ ਕੀਰਤਨ ਨੂੰ ਭਗਤੀ ਦਾ ਦਰਜਾ ਦਿੱਤਾ ਹੈ। ਇਹ ਵੀ ਬਚਨ ਕੀਤਾ ਹੈ *'ਕਲਜੁਗ ਮਹਿ ਕੀਰਤਨ ਪ੍ਰਧਾਨਾ'*, ਫਿਰ *'ਨਿਰਮੋਲਕ ਹੀਰਾ'*, *'ਸਿਰ ਕਰਮਨ ਕੈ ਕਰਮਾ'* ਤੇ ਇਹ ਵੀ ਆਖ ਦਿੱਤਾ *'ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ'*। ਜੋ ਹਉਂ ਤੋਂ ਰਹਿਤ ਹੋ ਕੇ ਸਾਹਿਬ ਨੂੰ ਹਾਜ਼ਰ ਨਾਜ਼ਰ ਜਾਣਕੇ ਕੀਰਤਨ ਕਰਦੇ ਹਨ ਉਨ੍ਹਾਂ ਨੂੰ *'ਭਲੋ ਭਲੋ ਰੇ ਕੀਰਤਨੀਆ'* ਆਖ ਕੇ ਇਸ ਧੁਰ ਕੀ ਬਾਣੀ ਵਿਚ ਨਿਵਾਜਿਆ ਹੈ। ਸਿਖ ਪੰਥ ਵਿਚ ਬੜੇ ਬੜੇ ਮਹਾਨ ਵਿਦਵਾਨ ਕੀਰਤਨੀਏ ਹੋਏ ਹਨ। ਪਿਛਲੇ ਸਮੇਂ ਵਿਚ ਮਹੰਤ ਗੱਜਾ ਸਿੰਘ ਜੀ, ਬਾਬਾ ਵਸਾਵਾ ਸਿੰਘ ਜੀ, ਰੰਗੀ ਰਾਮ ਜੀ, ਬਾਬਾ ਸੇਵਾ ਸਿੰਘ ਜੀ, ਭਾਈ ਸੁਰਪਤ ਸਿੰਘ ਜੀ, ਭਾਈ ਗੁਰਮੁਖ ਸਿੰਘ ਜੀ, ਬਾਬਾ ਕੁਸ਼ਾਲ ਸਿੰਘ ਜੀ, ਬਾਬਾ ਸਰਧਾ ਸਿੰਘ ਜੀ ਸੇਖਵਾਂ ਇਤਿਆਦਿ। ਫਿਰ ਸਾਡੇ ਪੂਜ ਪਿਤਾ ਜੀ ਭਾਈ ਸਾਹਿਬ ਜਵਾਲਾ ਸਿੰਘ ਜੀ, ਭਾਈ ਸਾਹਿਬ ਹੀਰਾ ਸਿੰਘ ਭਾਗ ਸਿੰਘ ਜੀ, ਭਾਈ ਸਾਹਿਬ ਸੁਧ ਸਿੰਘ ਪ੍ਰਧਾਨ ਸਿੰਘ ਜੀ, ਭਾਈ ਸਾਹਿਬ ਮੋਤੀ ਜੀ ਰਬਾਬੀ, ਭਾਈ ਸਾਹਿਬ ਸੁੰਦਰ ਸਿੰਘ ਜੀ ਅੰਮ੍ਰਿਤਸਰ।

ਫਿਰ ਸਮਾਂ ਆਇਆ ਭਾਈ ਸਾਹਿਬ ਸਮੁੰਦ ਸਿੰਘ ਜੀ, ਭਾਈ ਸਾਹਿਬ ਸੰਤ ਸੁਜਾਨ ਸਿੰਘ ਜੀ, ਭਾਈ ਸਾਹਿਬ ਸੰਤਾ ਸਿੰਘ ਜੀ, ਭਾਈ ਸਾਹਿਬ ਗੁਰਮੁਖ ਸਿੰਘ ਸਰਮੁਖ ਸਿੰਘ ਜੀ, ਭਾਈ ਸਾਹਿਬ ਚਾਂਦ ਜੀ ਇਤਿਆਦਿ।

ਅੱਜ ਮੈਂ ਭਾਈ ਸਾਹਿਬ ਸਮੁੰਦ ਸਿੰਘ ਜੀ ਬਾਰੇ ਬਚਨ ਲਿਖ ਰਿਹਾ ਹਾਂ। ਸਾਡੇ ਪੂਜ ਪਿਤਾ ਭਾਈ ਸਾਹਿਬ ਜਵਾਲਾ ਸਿੰਘ ਜੀ ਲਾਇਲਪੁਰ ਬਾਰ (ਹੁਣ ਪਾਕਿਸਤਾਨ) ਵਿਚ ਇਕ ਦੀਵਾਨ 'ਤੇ ਗਏ। ਉਸੇ ਦੀਵਾਨ ਵਿਚ ਭਾਈ ਸਾਹਿਬ ਸਮੁੰਦ ਸਿੰਘ ਜੀ ਸ੍ਰੀ ਨਨਕਾਣਾ ਸਾਹਿਬ ਤੋਂ ਆਏ ਹੋਏ ਸਨ। ਇਹ ਸੰਨ 1935 ਈ: ਦੀ ਗੱਲ ਹੈ। ਮੇਰੀ ਉਮਰ ਉਸ ਸਮੇਂ 9 ਸਾਲ ਦੀ ਸੀ। ਸੈਕਟਰੀ ਸਾਹਿਬ ਨੇ ਅਨਾਊਂਸ ਕੀਤਾ ਕਿ ਭਾਈ ਸਾਹਿਬ ਕਾਕਾ ਸਮੁੰਦ ਸਿੰਘ ਜੀ ਕੀਰਤਨ ਕਰਨਗੇ। ਬਹੁਤ ਸਮਾਂ ਕਾਕਾ ਸਮੁੰਦ ਸਿੰਘ ਹੀ ਨਾਮ ਪ੍ਰਚਲਤ ਰਿਹਾ। ਬਜ਼ੁਰਗਾਂ ਤੋਂ ਐਸਾ ਸੁਣਿਆ ਹੈ ਕਿ ਭਾਈ ਸਾਹਿਬ ਛੋਟੀ ਉਮਰ ਵਿਚ ਹੀ ਸ਼ਬਦ ਪੜ੍ਹਨ ਲਗ ਪਏ ਸਨ। ਵਾਜਾ ਉੱਚਾ ਹੁੰਦਾ ਸੀ, ਇਹ ਛੋਟੇ ਹੋਣ ਕਰਕੇ ਥੱਲੇ ਗੱਦਾ ਰਖਕੇ ਵਾਜੇ ਦੇ ਬਰਾਬਰ ਹੋ ਕੇ ਸ਼ਬਦ ਪੜ੍ਹਦੇ ਸਨ।

ਭਾਈ ਸਾਹਿਬ ਪਿਤਾ ਜੀ ਨੂੰ ਮਿਲਣ ਵਾਸਤੇ ਕਮਰੇ ਵਿਚ ਆਏ, ਜੋ ਗੁਰਦੁਆਰਾ ਸਿੰਘ ਸਭਾ ਵਿਚ ਸੀ, ਮੈਂ ਸਭ ਤੋਂ ਪਹਿਲਾਂ ਉਦੋਂ ਦਰਸ਼ਨ ਕੀਤੇ। ਫਿਰ ਤਾਂ ਬਹੁਤ ਦੀਵਾਨਾਂ 'ਤੇ ਇਕੱਠੇ ਹੋਏ। ਪਿਤਾ ਜੀ ਨੇ ਜਦੋਂ ਵੀ ਨਨਕਾਣਾ ਸਾਹਿਬ ਆਉਣਾ, ਭਾਈ ਸਾਹਿਬ ਨੇ ਸਾਰੀ ਆਸਾ ਦੀ ਵਾਰ ਦਾ ਕੀਰਤਨ ਬੈਠ ਕੇ ਸੁਣਨਾ। ਫਿਰ ਆਪਣੇ ਘਰ ਲੈ ਜਾਣਾ। ਸੇਵਾ ਕਰਨੀ, ਪ੍ਰਸ਼ਾਦਿ ਇਕੱਠਿਆਂ ਹੀ ਛਕਣਾ। ਭਾਈ ਸਾਹਿਬ ਦਾ ਕੀਰਤਨ ਅਸਾਂ ਰੱਜ ਕੇ ਸੁਣਿਆ ਹੈ, ਜਿਨ੍ਹਾਂ ਨੇ ਸੁਣਿਆ ਹੈ ਓਹੋ ਹੀ ਅਨੁਭਵ ਕਰ ਸਕਦੇ ਹਨ। ਉਹ ਰਸ ਅਖਰਾਂ ਤੋਂ ਪਰੇ ਦੀ ਗੱਲ ਹੈ, ਖੰਡ ਆਖਣੀ ਤੇ ਖੰਡ ਖਾਣੀ, ਏਨਾ ਹੀ ਫਰਕ ਹੈ, *'ਗੂੰਗੇ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕ ਹਨੁ ਨ ਜਾਈ ਹੇ,'* ਵਾਲੀ ਗਲ ਹੈ।

1944 ਵਿਚ ਪਹਿਲੀ ਆਲ ਇੰਡੀਆ ਰਾਗੀ ਕਾਨਫ਼ਰੰਸ ਅੰਮ੍ਰਿਤਸਰ ਵਿਚ ਹੋਈ। ਇਸ ਕਾਨਫਰੰਸ ਦੇ ਪ੍ਰਧਾਨ ਸਾਡੇ ਪੂਜ ਪਿਤਾ ਭਾਈ ਸਾਹਿਬ ਜਵਾਲਾ ਸਿੰਘ ਜੀ ਸਨ ਤੇ ਅੰਮ੍ਰਿਤਸਰ ਰਾਗੀ ਸਭਾ ਦੇ ਪ੍ਰਧਾਨ ਭਾਈ ਸੰਤਾ ਸਿੰਘ ਜੀ। ਉਸ ਕਾਨਫ਼ਰੰਸ ਵਿਚ ਬਹੁਤੇ ਸਿੱਖ ਲੀਡਰ ਆਏ ਸਨ। ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ, ਗਿਆਨੀ ਕਰਤਾਰ ਸਿੰਘ ਜੀ, ਜਥੇਦਾਰ ਮੋਹਣ ਸਿੰਘ ਜੀ, ਜਥੇਦਾਰ ਊਧਮ ਸਿੰਘ ਜੀ। ਸਾਰੇ ਹੀ ਹਿੰਦੁਸਤਾਨ ਵਿਚੋਂ ਵਿਦਵਾਨ ਰਾਗੀ ਸਿੰਘ ਆਏ ਹੋਏ ਸਨ। ਪਹਿਲਾ ਮੌਕਾ ਸੀ ਕਿ ਸ੍ਰੀ ਅੰਮ੍ਰਿਤਸਰ ਦੇ ਬਾਜ਼ਾਰਾਂ ਵਿਚ ਰਾਗੀ ਸਿੰਘਾਂ ਦਾ ਇਕ ਮਹਾਨ ਜਲੂਸ ਨਿਕਲਿਆ। ਕੀਰਤਨ ਦਰਬਾਰ ਹੋਏ, ਉਚੇਚੇ ਤੌਰ 'ਤੇ ਭਾਈ ਸਾਹਿਬ ਸਮੁੰਦ ਸਿੰਘ ਜੀ ਨੂੰ ਸੌਂਦਿਆ ਗਿਆ। ਉਸ ਕਾਨਫ਼ਰੰਸ ਦੀ ਫੋਟੋ ਸਾਡੀ ਲਿਖੀ ਪੁਸਤਕ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਵਿਚ ਹੈ। ਸਾਡੇ ਪੂਜ ਪਿਤਾ ਜੀ ਖੜੇ ਹੋਕੇ ਕੀਰਤਨ ਸਬੰਧੀ ਕੁਝ ਸ਼ਬਦ ਆਖ ਰਹੇ ਸਨ। ਇਸ ਗੱਲ 'ਤੇ ਜ਼ਿਆਦਾ ਜ਼ੋਰ ਦਿੱਤਾ ਸੀ ਕਿ ਨਿਰਾ ਰਾਗ ਗਾਉਣਾ ਕੀਰਤਨ ਨਹੀਂ। ਅਸਲ ਕੀਰਤਨ ਉਹ ਹੈ ਜੋ ਜੀਵਨ ਵੀ ਹੋਵੇ, ਵਿਦਿਆ ਵੀ ਹੋਵੇ, ਭਾਵਨਾ ਨਾਲ ਫਿਰ ਕੀਰਤਨ ਹੋਵੇ। ਪੁਰਾਣੇ ਰਾਗੀ ਸਿੰਘ ਆਸਾ ਦੀ ਵਾਰ ਦੇ ਕੀਰਤਨ ਤੋਂ ਪਹਿਲਾਂ ਘਟੋ ਘਟ ਪੰਜ ਬਾਣੀਆਂ ਦਾ ਪਾਠ ਜਾਂ ਸੁਖਮਨੀ ਸਾਹਿਬ ਦਾ ਪਾਠ ਕਰ ਲਿਆ ਕਰਦੇ ਸਨ।

ਫੋਟੋ ਵਿਚ ਸਭ ਤੋਂ ਅਗੇ ਭਾਈ ਸਮੁੰਦ ਸਿੰਘ ਜੀ, ਭਾਈ ਸਾਹਿਬ ਸੰਤਾ ਸਿੰਘ ਜੀ, ਭਾਈ ਮਹਿਤਾਬ ਸਿੰਘ ਜੀ, ਸਟੇਜ 'ਤੇ ਸਾਰੇ ਰਾਗੀ ਸਿੰਘ ਹੀ ਬੈਠੇ ਹਨ, ਸ੍ਰ: ਸਾਧੂ ਸਿੰਘ ਹਮਦਰਦ ਬਾਨੀ ਅਜੀਤ ਅਖ਼ਬਾਰ ਵੀ ਸਟੇਜ 'ਤੇ ਬੈਠੇ ਹਨ। ਪ੍ਰਿੰ: ਗੰਗਾ ਸਿੰਘ ਜੀ ਨੇ ਆਪਣੇ ਲੈਕਚਰ ਵਿਚ ਇਹ ਸਿਧ ਕੀਤਾ ਕਿ ਸਭ ਉਸ ਅਕਾਲ ਪੁਰਖ ਨੂੰ ਗਾ ਰਹੇ ਹਨ ਆਪਣੇ ਢੰਗ ਨਾਲ। ਜੋ ਗਾ ਰਹੇ ਹਨ, ਉਚੇਰੀ ਆਤਮਕ ਅਵਸਥਾ ਵਿਚ, ਉਹ ਕੀਰਤਨੀਏ ਹਨ। ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ, ਗਿਆਨੀ ਕਰਤਾਰ

ਸਿੰਘ, ਜਥੇਦਾਰ ਮੋਹਣ ਸਿੰਘ ਸਾਰੇ ਲੀਡਰਾਂ ਵਲ ਹੱਥ ਕਰਕੇ ਕਹਿਣ ਲਗੇ ਕਿ ਇਹ ਵੀ ਸਾਡੇ ਕੀਰਤਨੀਏ ਭਰਾ ਹਨ। ਪ੍ਰਿੰ: ਗੰਗਾ ਸਿੰਘ ਜੀ ਦਾ ਬੋਲਣਾ ਆਪਣੀ ਮਿਸਾਲ ਆਪ ਹੀ ਸੀ।

ਭਾਈ ਸਾਹਿਬ ਸਮੁੰਦ ਸਿੰਘ ਜੀ ਦਾ ਇਹ ਨਿਯਮ ਸਾਰੀ ਜ਼ਿੰਦਗੀ ਰਿਹਾ ਸੀ ਕਿ ਕੀਰਤਨ ਕਰਨਾ ਹੋਵੇ ਜਾਂ ਨਾ ਪਰ ਅੰਮ੍ਰਿਤ ਵੇਲੇ ਅੰਦਾਜ਼ਨ 4 ਵਜੇ ਤੋਂ ਪਹਿਲਾਂ ਜ਼ਰੂਰ ਉਠਦੇ। ਕਈ ਵਾਰ ਅਸੀਂ ਵੇਖਿਆ ਰਾਤ 12-1 ਵਜੇ ਤਕ ਕੀਰਤਨ ਵਿਚ ਰੁਝੇ ਹੋਣ 'ਤੇ ਵੀ ਤੜਕੇ ਫਿਰ ਉਠਣਾ ਤੇ ਆਸਾ ਦੀ ਵਾਰ ਦੇ ਕੀਰਤਨ ਵਿਚ ਕੁਝ ਸਮਾਂ ਬੈਠਣਾ। ਪੁਰਾਤਨ ਰੀਤਾਂ ਉਨ੍ਹਾਂ ਨੂੰ ਸੁਣਾਕੇ ਸਾਨੂੰ ਖ਼ੁਸ਼ੀ ਹੁੰਦੀ ਸੀ। ਉਹ ਵੀ ਬਹੁਤ ਪਿਆਰ ਕਰਦੇ ਸਨ।

ਅਸੀਂ 1946 ਈ: ਵਿਚ ਪਿਤਾ ਜੀ ਦੀ ਆਗਿਆ ਵਿਚ ਵਖਰਾ ਕੀਰਤਨ ਕਰਨਾ ਸ਼ੁਰੂ ਕੀਤਾ। ਮੈਂ ਤੇ ਮੇਰੇ ਵਡੇ ਭਾਈ ਸਾਹਿਬ ਗੁਰਚਰਨ ਸਿੰਘ ਜੀ ਤੇ ਨਾਲ ਤਬਲੇ ਵਾਲਾ ਸਿੰਘ, ਇਸ ਤਰ੍ਹਾਂ ਜਥਾ ਬਣਾਇਆ। ਇਹ ਗੱਲ ਅੰਦਾਜ਼ਨ 1950-51 ਦੀ ਹੋਵੇਗੀ। ਲੁਧਿਆਣੇ ਭਾਈ ਸਾਹਿਬ ਦੇ ਘਰ ਦੇ ਲਾਗੇ ਇਕ ਗੁਰਦੁਆਰਾ ਸਾਹਿਬ ਵਿਚ ਸਾਡੇ ਜਥੇ ਦਾ ਆਸਾ ਦੀ ਵਾਰ ਦਾ ਕੀਰਤਨ ਸੀ, ਅਸੀਂ 7-8 ਸਲੋਕ ਹੀ ਅਜੇ ਲਾਏ ਸਨ ਕਿ ਭਾਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰਕੇ ਤਾਬਿਆ ਬੈਠ ਗਏ। ਅਸੀਂ ਪੁਰਾਤਨ ਰੀਤਾਂ ਦਾ ਹੀ ਕੀਰਤਨ ਕੀਤਾ। ਭਾਈ ਸਾਹਿਬ ਬਹੁਤ ਪ੍ਰਸੰਨ ਹੋਏ। ਕੀਰਤਨ ਤੋਂ ਪਿਛੋਂ ਤਾਬਿਆ ਬੈਠਿਆਂ ਹੀ 10-15 ਮਿੰਟ ਪੂਜ ਪਿਤਾ ਜੀ ਬਾਰੇ ਅਤੇ ਫਿਰ ਸਾਡੇ ਬਾਰੇ ਅਤੇ ਪੁਰਾਤਨ ਰੀਤਾਂ ਬਾਰੇ ਬਚਨ ਕੀਤੇ ਤੇ ਸਾਨੂੰ ਅਸੀਸਾਂ ਬਖ਼ਸ਼ੀਆਂ।

ਪਿਤਾ ਜੀ 1952 ਵਿਚ ਚੜ੍ਹਾਈ ਕਰ ਗਏ। ਦਿੱਲੀ ਗੁਰਦੁਆਰਾ ਕਮੇਟੀ ਨੇ ਸਾਨੂੰ ਗੁਰਪੁਰਬ 'ਤੇ ਸੱਦਿਆ। ਪ੍ਰਬੰਧਕਾਂ ਨੇ ਪ੍ਰੇਰਨਾ ਕੀਤੀ ਕਿ ਸਰਵਿਸ ਵਿਚ ਆ ਜਾਓ, ਪਰ ਸਰਵਿਸ ਕਰਨ ਵਿਚ ਸਾਡਾ ਮਨ ਨਹੀਂ ਸੀ। 1953 ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ 'ਤੇ ਦਿਲੀ ਗੁਰਦੁਆਰਾ ਕਮੇਟੀ ਨੇ ਫਿਰ ਸਾਨੂੰ ਬੁਲਾਇਆ ਤੇ ਇਸ ਵਾਰ ਫਿਰ ਗੁਰਦੁਆਰਾ ਕਮੇਟੀ ਪਾਸ ਸੇਵਾ ਕਰਨ 'ਤੇ ਜ਼ੋਰ ਪਾਇਆ ਗਿਆ। ਕੁਝ ਸਜਨਾਂ ਮਿਤਰਾਂ ਨੇ ਸਾਨੂੰ ਪ੍ਰੇਰ ਹੀ ਲਿਆ ਤੇ ਅਸੀਂ ਦਿੱਲੀ ਗੁਰਦੁਆਰਾ ਕਮੇਟੀ ਦੀ ਸਰਵਿਸ ਸ਼ੁਰੂ ਕਰ ਦਿੱਤੀ।

ਭਾਈ ਸਾਹਿਬ ਸਮੁੰਦ ਸਿੰਘ ਜੀ ਦਾ ਕੀਰਤਨ ਦਾ ਢੰਗ ਇਕ ਵਖਰਾ ਹੀ ਸੀ। ਭਾਈ ਸਾਹਿਬ ਵੱਡੇ ਤੋਂ ਵੱਡੇ ਤਾਲ ਐਸੇ ਢੰਗ ਨਾਲ ਗਾਉਂਦੇ ਸਨ- 9-11-13-

15–18 ਮਾਤਰਾਂ, ਆਡਾ, ਚੁਤਾਲਾ, ਧੁਮਾਰ, ਫਰੋਦਸਤ–ਹਰ ਬੰਦਾ ਆਨੰਦ ਮਾਣਦਾ ਸੀ। ਉਹਨਾਂ ਦੀ ਆਵਾਜ਼ ਵਿਚ ਐਸੀ ਕੁਦਰਤੀ ਮੁਰਕੀ ਸੀ ਜੋ ਹੋਰ ਕਿਸੇ ਦੀ ਆਵਾਜ਼ ਵਿਚ ਘਟ ਹੀ ਵੇਖੀ ਹੈ। ਬਿਖੜੇ ਤਾਲ ਨੂੰ ਗਾਉਣ ਦਾ ਜੋ ਭਾਈ ਸਾਹਿਬ ਦਾ ਅਭਿਆਸ ਸੀ ਇਹ ਵੀ ਇਕ ਵਿਲੱਖਣ ਗੱਲ ਸੀ।

ਜਿਥੇ ਨਿਰੰਕਾਰ ਨੇ ਭਾਈ ਸਾਹਿਬ ਨੂੰ ਆਵਾਜ਼ ਬੈਖ਼ਸ਼ੀ ਉਥੇ ਤਨ ਵੀ ਸੋਹਣੀ ਮੂਰਤ ਸੀ। ਮਨ ਵੀ ਅਤਿ ਸੁੰਦਰ ਸੀ। ਇਕ ਵੇਰ ਗੁਰੂ ਰਾਮਦਾਸ ਮਹਾਰਾਜ ਦੇ ਪ੍ਰਕਾਸ਼ ਉਤਸਵ ਸਮੇਂ ਅੰਦਾਜ਼ਨ 1950 ਈ: ਵਿਚ ਕੀਰਤਨ ਦਰਬਾਰ ਸਮੇਂ ਅੰਮ੍ਰਿਤਸਰ ਵਿਖੇ ਇਕ ਰਾਗੀ ਸਿੰਘ ਨੇ ਸੋਰਠ ਰਾਗ ਗਾਂਵਿਆ। ਉਸ ਨੇ ਗੰਧਾਰ ਲਾਈ, ਦੂਸਰੇ ਰਾਗੀ ਨੇ ਸੋਰਠ ਗਾਉਣ ਲੱਗਿਆਂ ਪਹਿਲੇ 'ਤੇ ਟੀਕਾ ਟਿਪਣੀ ਸਟੇਜ 'ਤੇ ਕੀਤੀ। ਦੋਨੋਂ ਸਟੇਜ 'ਤੇ ਝਗੜ ਪਏ। ਗੰਧਾਰ ਲਗਣ ਨਾਲ ਦੇਸ ਬਣ ਜਾਂਦਾ ਹੈ, ਬੜੀ ਬੇਸੁਆਦੀ ਹੋਈ। ਉਸ ਤੋਂ ਪਿਛੋਂ ਭਾਈ ਸਾਹਿਬ ਗੁਰਮੁਖ ਸਿੰਘ ਰਾਗੀ ਜੋ ਬੜੇ ਵਿਦਵਾਨ ਕਲਾਕਾਰ ਸਨ, ਸੋਰਠ ਗਾਉਣ ਲਗੇ ਕਹਿਣ ਲਗੇ ਕਿ ਮੈਂ ਤੁਹਾਨੂੰ ਜੋ ਸੋਰਠ ਸੰਪੂਰਨ ਹੈ ਉਹ ਸੁਣਾਵਾਂਗਾ। ਹੋਰ ਵੀ ਬਿਅੰਤ ਜਥੇ ਪਹੁੰਚੇ ਹੋਏ ਸਨ। ਭਾਈ ਪੂਰਨ ਸਿੰਘ ਜੀ ਤਰਨ ਤਾਰਨ ਵਾਲੇ, ਭਾਈ ਸਾਹਿਬ ਸਮੁੰਦ ਸਿੰਘ ਜੀ ਨੇ ਵੀ ਸੋਰਠ ਗਾਇਆ। ਅਸਾਂ ਵੀ ਸੋਰਠ ਵਿਚ ਆਪਣੇ ਢੰਗ ਨਾਲ ਧਰੁਪਦ ਗਾਂਵਿਆ। ਦੂਸਰੇ ਦਿਨ ਮੈਂ ਭਾਈ ਸਾਹਿਬ ਨੂੰ ਮਿਲਿਆ ਤੇ ਰਾਤ ਵਾਲੀ ਗੱਲ 'ਤੇ ਬੇਨਤੀ ਕੀਤੀ ਕਿ ਤੁਹਾਡੇ ਕੀ ਵਿਚਾਰ ਹਨ। ਉਹ ਕਹਿਣ ਲਗੇ ਝਗੜਾ ਕਰਨਾ ਠੀਕ ਨਹੀਂ। ਅਣਜਾਣਪੁਣਾ ਹੈ, ਪਰ ਅਸੀਂ ਤੇ ਬਚਪਨ ਤੋਂ ਜਿਸ ਤਰ੍ਹਾਂ ਸੁਣਦੇ ਰਹੇ ਹਾਂ, ਉਸੇ ਤਰ੍ਹਾਂ ਗੰਧਾਰ ਲਾ ਕੇ ਗਾਉਂਦੇ ਹਾਂ। ਪੰਜਾਬ ਵਿਚ ਪੁਰਾਤਨ ਬਜ਼ੁਰਗ ਏਸੇ ਤਰ੍ਹਾਂ ਗਾਉਂਦੇ ਸਨ। ਹਿੰਦੁਸਤਾਨੀ ਸੰਗੀਤਕਾਰ ਗੰਧਾਰ ਛੱਡ ਕੇ ਗਾਉਂਦੇ ਹਨ। ਪਰ ਆਪਣੀ ਪੁਰਾਤਨ ਕੀਰਤਨ ਦੀ ਵਖਰੀ ਰਹੁਰੀਤ ਅਸਲ ਪੰਜਾਬ ਦੀ ਹੈ।

ਦਿੱਲੀ ਵਿਚ ਭਾਈ ਸਾਹਿਬ ਸਮੁੰਦ ਸਿੰਘ ਜੀ ਹਰ ਸਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ 'ਤੇ ਆਉਂਦੇ ਸਨ। ਉਸ ਸਮੇਂ ਭਾਈ ਸਾਹਿਬ ਸੰਤਾ ਸਿੰਘ ਜੀ ਵੀ ਗੁਰਦੁਆਰਾ ਸੀਸ ਗੰਜ ਸਰਵਿਸ ਕਰਦੇ ਸਨ। ਭਾਈ ਸਾਹਿਬ ਪਰਤਾਪ ਸਿੰਘ ਜੀ ਰਾਗੀ ਸਰਵਿਸ ਵਿਚ ਸਨ। ਪਹਿਲੇ ਦਿਨ ਕੀਰਤਨ ਦਰਬਾਰ ਵਿਚ ਸਾਰਿਆਂ ਜਥਿਆਂ ਨੇ ਕੀਰਤਨ ਕਰਨਾ। ਅਸਾਂ ਵੀ ਪੁਰਾਤਨ ਰੀਤਾਂ ਤਿਆਰੀ ਨਾਲ ਗਾਉਣੀਆਂ। ਭਾਈ ਸਾਹਿਬ 3–4 ਘੰਟੇ ਬੈਠ ਕੇ ਜਥਿਆਂ ਦਾ ਕੀਰਤਨ ਸੁਣਿਆ ਕਰਦੇ ਸਨ, ਅੱਜਕਲ੍ਹ ਦੇ ਰਾਗੀ ਸਿੰਘ ਐਸਾ ਨਹੀਂ ਕਰਦੇ। ਭਾਈ ਸਾਹਿਬ ਪੁਰਾਤਨ ਰੀਤਾਂ, ਧਰੁਪਦ, ਪੜਤਾਲਾਂ ਸੁਣਕੇ ਬਹੁਤ ਹੀ ਪ੍ਰਸੰਨ ਹੁੰਦੇ ਸਨ। ਕਈ ਵੇਰ ਸਟੇਜ 'ਤੇ ਹੀ

ਪਰਸੰਸਾ ਕਰਨੀ, ਅਸ਼ੀਰਵਾਦ ਦੇਣੀ।

ਇਹ ਦਿਨ ਸਾਡੇ ਬਹੁਤ ਚਾਅ ਤੇ ਉਤਸ਼ਾਹ ਵਿਚ ਬੀਤਦੇ ਸਨ। ਕੀਰਤਨ ਤੋਂ ਅਗੋਂ ਪਿਛੋਂ ਮਿਲਣ ਜਾਣਾ। ਕਈ ਵਾਰ ਤਾਂ ਸ੍ਰੀ ਮਾਨ ਗਿਆਨੀ ਗੁਰਦੀਪ ਸਿੰਘ ਜੀ ਜੋ ਉਸ ਸਮੇਂ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਹੈੱਡ ਗ੍ਰੰਥੀ ਸਨ (ਜੋ ਮਹਾਨ ਵਿਦਵਾਨ ਤੇ ਕੀਰਤਨ ਬਾਰੇ ਵੀ ਸਮਝ ਰੱਖਦੇ ਸਨ) ਉਨ੍ਹਾਂ ਦੇ ਕਮਰੇ ਵਿਚ ਤੇ ਕਈ ਦਫਾ ਜਿਥੇ ਭਾਈ ਸਾਹਿਬ ਠਹਿਰਦੇ ਸਨ, ਉਥੇ ਅਸਾਂ ਇਕੱਠੇ ਬੈਠ ਜਾਣਾ। ਬਜ਼ੁਰਗਾਂ ਦੇ ਬਹੁਤ ਹੀ ਪੁਰਾਣੇ ਬਚਨ ਸੁਣਾਉਣੇ। ਕਈ ਪੁਰਾਤਨ ਰੀਤਾਂ ਵੀ ਹਥੀਂ ਤਾਲ ਦੇ ਕੇ ਸੁਣਾਉਣੀਆਂ। ਉਨ੍ਹਾਂ ਪਾਸ ਕੀਰਤਨ ਦਾ ਤੇ ਹੋਰ ਰੀਤਾਂ ਦਾ ਬਿਅੰਤ ਭੰਡਾਰਾ ਸੀ।

ਇਕ ਵੇਰ ਦਿਲੀ ਗੁਰਪੁਰਬ 'ਤੇ (ਉਦੋਂ ਭਾਈ ਹਰਨਾਮ ਸਿੰਘ ਤੇ ਭਾਈ ਤੇਜਾ ਸਿੰਘ ਹੁਰੀਂ ਨਾਲ ਨਹੀਂ ਸਨ, ਗੋਡਿਆਂ ਵਿਚ ਕਾਫੀ ਦਰਦ ਸੀ, ਬਿਰਧ ਅਵਸਥਾ ਸੀ) ਗੁਰਦੁਆਰਾ ਰਕਾਬਗੰਜ ਕਥਾ ਤੋਂ ਪਿਛੋਂ ਕੀਰਤਨ ਕੀਤਾ। ਸਿਹਤ ਖਰਾਬ ਹੋਣ ਕਾਰਨ ਸਹਿਜੇ ਸਹਿਜੇ ਮਾਈਕ ਲਾਗੇ ਗਏ। ਬੈਠਦਿਆਂ ਸਾਰ ਮੰਗਲਾਚਰਣ ਕਰਕੇ ਸੰਗਤਾਂ ਨੂੰ ਮੋਹਤ ਕਰ ਦਿੱਤਾ। ਕੋਈ ਨਹੀਂ ਸੀ ਕਹਿ ਸਕਦਾ ਕਿ ਭਾਈ ਸਾਹਿਬ ਸਮੁੰਦ ਸਿੰਘ ਜੀ ਬਿਰਧ ਹਨ ਜਾਂ ਢਿੱਲੇ ਮੱਠੇ ਹਨ। ***ਭਗਤ ਵਛਲ ਅਨਾਥ ਨਾਥੇ*** ਇਹ ਰਸ ਵੀ ਆਪਣੀ ਮਿਸਾਲ ਆਪ ਹੀ ਸੀ। ਫਿਰ ਝਪਤਾਲ ਵਿਚ ***"ਯਹ ਮਨੁ ਨੈਕ ਨ ਕਹਿਓ ਕਰੈ"*** ਸ਼ਬਦ ਗਾਂਵਿਆ। ਫਿਰ ਇਕ ਦੋ ਸ਼ਬਦ ਹੋਰ ਪੜ੍ਹੇ, ਅਕਥ ਕਥਾ ਵਾਲੀ ਗਲ ਹੀ ਸੀ। ਭਾਈ ਸਾਹਿਬ ਸੰਤਾ ਸਿੰਘ ਜੀ ਦੇ ਗੁਜ਼ਰਨ ਤੋਂ ਪਿਛੋਂ ਭਾਈ ਸਾਹਿਬ ਧਰਮ ਸਿੰਘ ਜੀ ਜ਼ਖ਼ਮੀ ਗੁਰਪੁਰਬ 'ਤੇ ਆਉਂਦੇ ਸਨ। ਸ੍ਰ: ਗਿਆਨ ਸਿੰਘ ਜੀ ਐਬਟਾਬਾਦੀ ਗੁਰਦੁਆਰਾ ਕਮੇਟੀ ਦਿੱਲੀ ਦੇ ਪ੍ਰਧਾਨ ਸਨ। ਸਾਰੇ ਕੀਰਤਨ ਉਤਸ਼ਾਹ ਵਿਚ ਤਿਆਰੀ ਨਾਲ ਹੁੰਦੇ ਸਨ। ਬਹੁਤ ਅਨੰਦ ਬੱਝਦਾ ਸੀ।

ਜਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਬਣੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਡਾਕਟਰ ਤਾਰਨ ਸਿੰਘ ਜੀ ਸਨ। ਉਨ੍ਹਾਂ ਨੇ ਤੇ ਹੋਰ ਸਿਆਣਿਆਂ ਮਹਿਸੂਸ ਕੀਤਾ ਕਿ ਕੀਰਤਨ ਦੀ ਮਰਯਾਦਾ ਖ਼ਤਮ ਹੋ ਰਹੀ ਹੈ। ਇਸ ਦੀ ਸੰਭਾਲ ਲਈ ਇਕ ਕਮੇਟੀ ਬਣਾਈ ਗਈ, ਜਿਸ ਵਿਚ ਭਾਈ ਸਾਹਿਬ ਅਰਦਮਨ ਸਿੰਘ ਜੀ ਬਾਗੜੀਆ, ਸ੍ਰ: ਸੋਹਣ ਸਿੰਘ ਜੀ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ, ਡਾ: ਅਜੀਤ ਸਿੰਘ ਪੈਂਟਲ ਦਿਲੀ ਯੂਨੀਵਰਸਿਟੀ, ਭਾਈ ਜੋਧ ਸਿੰਘ ਜੀ, ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ, ਡਾਕਟਰ ਤਾਰਨ ਸਿੰਘ ਜੀ ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਸ਼ਾਮਲ ਸਨ। ਇਨ੍ਹਾਂ ਨੇ ਪੁਰਾਣਿਆਂ ਬਜ਼ੁਰਗਾਂ ਨੂੰ ਸਦ ਕੇ

ਕੀਰਤਨ ਰੀਤਾਂ ਟੇਪ ਕਰਨੀਆਂ ਸ਼ੁਰੂ ਕੀਤੀਆਂ। ਬਹੁਤ ਜਥੇ ਗਏ, ਭਾਈ ਸਾਹਿਬ ਸਮੁੰਦ ਸਿੰਘ ਜੀ ਨੂੰ ਵੀ ਉਨ੍ਹਾਂ ਸੱਦਿਆ। ਜਿਸ ਫਰਾਖ਼ ਦਿਲੀ ਨਾਲ ਇਨ੍ਹਾਂ ਸਾਡੇ ਬਾਰੇ ਆਖਿਆ ਕਿ ਐਸ ਸਮੇਂ ਜੇ ਤੁਹਾਨੂੰ ਸੈਂਕੜੇ ਬਰਸ ਪੁਰਾਣੀਆਂ ਸ਼ਬਦ-ਰੀਤਾਂ ਜ਼ਿਆਦਾ ਗਿਣਤੀ ਵਿਚ ਮਿਲ ਸਕਦੀਆਂ ਹਨ ਤਾਂ ਭਾਈ ਸਾਹਿਬ ਜਵਾਲਾ ਸਿੰਘ ਜੀ ਦੇ ਸਪੁੱਤਰ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਰਾਗੀ ਪਾਸੋਂ ਹੀ ਮਿਲਣਗੀਆਂ, ਮੈਂ ਸੁਣੀਆਂ ਹੋਈਆਂ ਨੇ। ਐਸੀ ਵਡਿਆਈ, ਇਹ ਭਾਈ ਸਾਹਿਬ ਦਾ ਵਡੱਪਣ ਹੀ ਸੀ, ਜੋ ਅਜਿਹੇ ਸਮੇਂ ਬਹੁਤ ਹੀ ਘਟ ਵੇਖਣ ਵਿਚ ਮਿਲਦਾ ਹੈ। ਇਹ ਭਾਈ ਸਮੁੰਦ ਸਿੰਘ ਜੀ ਦੀ ਇਕ ਵਡੀ ਵਡਿਆਈ ਸੀ। ਇਹ ਸਭ ਗੱਲਾਂ ਸਾਨੂੰ ਡਾਕਟਰ ਤਾਰਨ ਸਿੰਘ ਨੇ ਲਿਖਕੇ ਭੇਜੀਆਂ ਜੋ ਚਿੱਠੀ ਅਜੇ ਵੀ ਸਾਡੇ ਕੋਲ ਹੈ। ਅਸੀਂ ਵੀ ਜੋ ਕੁਝ ਸੇਵਾ ਕਿਣਕਾ ਮਾਤਰ ਕਰ ਸਕੇ ਹਾਂ, ਉਹ ਸਭ ਭਾਈ ਸਾਹਿਬ ਦੇ ਪਿਆਰ ਸਦਕਾ ਹੋਇਆ ਹੈ। ਪੰਜਾਬੀ ਯੂਨੀਵਰਸਿਟੀ ਨੇ ਉੱਦਮ ਕੀਤਾ ਅਤੇ ਭਾਈ ਸਾਹਿਬ ਅਰਦਮਨ ਸਿੰਘ ਜੀ ਬਾਗੜੀਆ ਦੀ ਪ੍ਰੇਰਨਾ ਮਿਲੀ।

ਭਾਈ ਸਾਹਿਬ ਲੁਧਿਆਣਾ ਰਾਗੀ ਸਭਾ ਦੇ ਪ੍ਰਧਾਨ ਸਨ। ਸਾਲਾਨਾ ਇਕ ਬਹੁਤ ਵੱਡਾ ਸਮਾਗਮ ਰਾਗੀ ਸਭਾ ਵਲੋਂ ਹੁੰਦਾ ਹੈ। ਬਾਹਰੋਂ ਰਾਗੀ ਜਥੇ, ਗਿਆਨੀ, ਪ੍ਰਚਾਰਕ ਸਦ ਕੇ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਧੂਮ ਧਾਮ ਨਾਲ ਦਿਨ ਮਨਾਇਆ ਜਾਂਦਾ ਹੈ। ਸਾਡੇ ਜਥੇ ਨੂੰ ਵੀ ਦੋ ਵੇਰ ਸਦਿਆ। ਜੋ ਰਾਗੀ ਸਿੰਘਾਂ ਵਲੋਂ ਸੇਵਾ, ਜਿਥੇ ਵੀ ਕਿਸੇ ਦੀ ਡਿਊਟੀ ਹੈ, ਤਤਪਰ ਹੈ, ਉਤਸ਼ਾਹ ਹੈ। ਇਕ ਵੇਰ ਉਦੋਂ ਭਾਈ ਸਮੁੰਦ ਸਿੰਘ ਜੀ, ਰਾਗੀ ਸਭਾ ਦੇ ਪ੍ਰਧਾਨ, ਮੀਤ ਪ੍ਰਧਾਨ ਪ੍ਰੋਫ਼ੈਸਰ ਹਰਚੰਦ ਸਿੰਘ ਜੀ ਤੇ ਸਕੱਤਰ ਪ੍ਰੋਫ਼ੈਸਰ ਕਰਤਾਰ ਸਿੰਘ ਜੀ ਸਨ। ਜੋ ਸਾਨੂੰ ਰਾਗੀ ਸਿੰਘ ਭਰਾਵਾਂ ਵਲੋਂ ਪਿਆਰ ਸਤਿਕਾਰ ਮਿਲਿਆ ਉਹ ਅਲੌਕਕ ਗੱਲ ਹੀ ਹੈ। ਸਾਰੇ ਰਾਗੀ ਸਿੰਘ ਬੈਠ ਕੇ ਸੰਗਤ ਵਿਚ ਕੀਰਤਨ ਕਥਾ ਸੁਣਦੇ ਸਨ। ਲੁਧਿਆਣਾ ਰਾਗੀ ਸਿੰਘਾਂ ਦਾ ਗੜ੍ਹ ਸੀ। ਬੜੇ ਬੜੇ ਸੰਗੀਤ ਦੇ ਵਿਦਵਾਨ ਸਨ ਤੇ ਹੁਣ ਵੀ ਹਨ। ਕੁਝ ਨਾਮ ਯਾਦ ਹਨ : ਸ੍ਰ: ਗੁਰਬਖ਼ਸ਼ ਸਿੰਘ ਜੀ ਘੜੀ ਸਾਜ਼, ਸੰਤ ਨਿਰਮਲ ਸਿੰਘ ਜੀ, ਭਾਈ ਹਰਨਾਮ ਸਿੰਘ ਜੀ ਜ਼ਖ਼ਮੀ, ਭਾਈ ਲਛਮਣ ਸਿੰਘ ਜੀ ਗੰਧਰਬ, ਭਾਈ ਦਲੀਪ ਸਿੰਘ ਜੀ ਤਬਲਾ ਵਾਦਕ, ਭਾਈ ਵਰਿਆਮ ਸਿੰਘ ਜੀ, ਸਾਬਕਾ ਰਾਗੀ ਸ੍ਰੀ ਦਰਬਾਰ ਸਾਹਿਬ, ਪ੍ਰੋ: ਹਰਚੰਦ ਸਿੰਘ ਜੀ ਜੋ ਮਹਾਨ ਗੁਣੀ ਹਨ, ਪ੍ਰੋਫ਼ੈਸਰ ਕਰਤਾਰ ਸਿੰਘ ਜੀ, ਸਾਬਕਾ ਜਨਰਲ ਸਕੱਤਰ ਗੁਰਮਤਿ ਰਾਗੀ ਸਭਾ ਲੁਧਿਆਣਾ ਜੋ ਬਹੁਤ ਦੇਰ ਤੋਂ ਇਕ ਸੰਗੀਤ ਵਿਦਿਆਲਾ ਚਲਾ ਰਹੇ ਹਨ ਤੇ ਵਿਦਵਾਨ ਕੀਰਤਨੀਏ ਹਨ।

ਪ੍ਰੋਫ਼ੈਸਰ ਪਰਮਜੋਤ ਸਿੰਘ ਜੀ ਇਕ ਉਤਸ਼ਾਹੀ ਪੁਰਸ਼ ਹਨ। ਇਨ੍ਹਾਂ ਦਾ ਪਿਛੋਕੜ

ਬੜਾ ਸ਼ਾਨਦਾਰ ਹੈ। ਇਨ੍ਹਾਂ ਦੇ ਪੂਜ ਪਿਤਾ ਭਾਈ ਸਾਹਿਬ ਇੰਦਰ ਸਿੰਘ ਜੀ ਸਨ। ਉਨ੍ਹਾਂ ਤਰਨ-ਤਾਰਨ ਵਿਦਿਆਲੇ 'ਚ ਪੰਡਤ ਉਸਤਾਦ ਨੱਥੂ ਰਾਮ ਜੀ ਪਾਸੋਂ ਸੰਗੀਤ ਦੀ ਵਿਦਿਆ ਪ੍ਰਾਪਤ ਕੀਤੀ ਸੀ। ਪੰਡਤ ਜੀ ਨੇ ਬਾਬਾ ਬੂਟਾ ਸਿੰਘ ਜੀ ਪਾਸੋਂ ਵਿਦਿਆ ਪ੍ਰਾਪਤ ਕੀਤੀ ਸੀ। ਸਾਡੇ ਪੂਜ ਪਿਤਾ ਭਾਈ ਸਾਹਿਬ ਜਵਾਲਾ ਸਿੰਘ ਜੀ ਰਾਗੀ ਦੇ ਪਹਿਲੇ ਉਸਤਾਦ ਬਾਬਾ ਸ਼ਰਧਾ ਸਿੰਘ ਜੀ ਤੇ ਬਾਬਾ ਬੂਟਾ ਸਿੰਘ ਜੀ ਗੁਰਭਾਈ ਸਨ। ਜਦੋਂ ਵੀ ਸਾਡੇ ਪਿਤਾ ਜੀ ਲੁਧਿਆਣੇ ਆਉਂਦੇ, ਭਾਈ ਸਾਹਿਬ ਇੰਦਰ ਸਿੰਘ ਜੀ ਪਾਸ ਹੀ ਠਹਿਰਦੇ ਸਨ। ਅਸੀਂ ਵੀ ਸਰਵਿਸ ਤੋਂ ਪਹਿਲੇ ਕਾਫੀ ਦਰਸ਼ਨ ਦੀਦਾਰੇ ਕਰਦੇ ਰਹੇ ਹਾਂ। ਭਾਈ ਇੰਦਰ ਸਿੰਘ ਜੀ ਬਹੁਤ ਹੀ ਪਿਆਰ ਵਾਲੇ ਤੇ ਪਵਿੱਤਰ ਆਤਮਾ ਵਾਲੇ ਪੁਰਸ਼ ਸਨ। ਕਈ ਵੇਰ ਪਰਮਜੋਤ ਸਿੰਘ ਨੂੰ ਕਹਿਣਾ ਸ਼ਬਦ ਸੁਣਾਓ। ਪ੍ਰੋਫ਼ੈਸਰ ਪਰਮਜੋਤ ਸਿੰਘ ਭਾਈ ਸਾਹਿਬ ਸਮੁੰਦ ਸਿੰਘ ਜੀ ਦੇ ਸ਼ਗਿਰਦ ਹਨ ਤੇ ਕਈ ਰੀਤਾਂ ਉਸੇ ਢੰਗ ਨਾਲ ਅਨੰਦ ਵਿਚ ਗਾਉਂਦੇ ਹਨ।

ਭਾਈ ਸਾਹਿਬ ਸਮੁੰਦ ਸਿੰਘ ਜੀ ਦਾ ਜੀਵਨ ਬਹੁਤ ਹੀ ਪਵਿੱਤਰ ਜੀਵਨ ਸੀ। ਜਿਥੇ ਮਿਹਨਤ ਸੀ, ਨਾਲ ਭਾਵਨਾ ਵੀ ਸੀ। ਕੀਰਤਨ ਕਰਨ ਵੇਲੇ ਗੁਰੂ ਸਾਹਿਬ ਨੂੰ ਹਾਜ਼ਰ ਸਮਝ ਕੇ ਕੀਰਤਨ ਕਰਦੇ ਸਨ। ਜੇ ਇਹ ਕਹਿ ਦਿੱਤਾ ਜਾਵੇ ਕਿ ਉਹ ਗੁਰੂ ਸਾਹਿਬ ਨੂੰ ਹਾਜ਼ਰ ਨਾਜ਼ਰ ਜਾਣਕੇ ਕੀਰਤਨ ਕਰਦੇ ਸਨ ਤਾਂ ਇਹ ਠੀਕ ਹੋਵੇਗਾ।

ਅਸੀਂ ਨਿਊਯਾਰਕ ਅਮਰੀਕਾ ਵਿਚ ਗਿਆਨੀ ਗੁਰਦੀਪ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵਾਲਿਆਂ ਪਾਸ ਗਏ ਹੋਏ ਸਾਂ। ਉਨ੍ਹਾਂ ਪਾਸ ਇਕ ਟੇਪ ਸੀ ਜਿਸ ਵਿਚ ਸਤਿਕਾਰ ਯੋਗ ਸੰਤ ਸੁਜਾਨ ਸਿੰਘ ਜੀ ਤੇ ਸਤਿਕਾਰ ਯੋਗ ਭਾਈ ਸਮੁੰਦ ਸਿੰਘ ਜੀ ਨੇ ਇਕੱਠਿਆਂ ਕੀਰਤਨ ਕੀਤਾ ਸੀ, ਸਰਵਣ ਕੀਤੀ। ਉਹ ਜਾਂ ਤਾਂ ਲੁਧਿਆਣੇ ਟੇਪ ਹੋਈ ਜਾਂ ਦਿਲੀ ਪਰ ਉਹ ਟੇਪ ਸਾਂਭਣ ਵਾਲੀ ਹੈ। ਵਾਰੀ ਵਾਰੀ ਦੋਨਾਂ ਹੀ ਕਲਾ ਦੇ ਧਨੀਆਂ ਨੇ ਅਲਾਪ ਕੀਤਾ ਤੇ ਤਾਨਾਂ ਪਲਟੇ ਇਕ ਵਖਰਾ ਹੀ ਢੰਗ ਸੀ।

ਸਾਨੂੰ ਰਾਜਾ ਪਦਮਜੀਤ ਸਿੰਘ ਜੀ ਦੀ ਲੜਕੀ ਦੀ ਸ਼ਾਦੀ 'ਤੇ ਸ਼ਿਮਲੇ ਸੱਦਿਆ ਗਿਆ। ਉਥੇ ਭਾਈ ਸਾਹਿਬ ਅਰਦਮਨ ਸਿੰਘ ਜੀ ਬਾਗੜੀਆ ਨੇ ਦਸਿਆ ਕਿ ਭਾਈ ਸਮੁੰਦ ਸਿੰਘ ਜੀ ਬਹੁਤ ਬੀਮਾਰ ਹਨ। ਅਸੀਂ ਆਪਣੇ ਤਬਲੇ ਵਾਲੇ ਭਾਈ ਸਵਰਨ ਸਿੰਘ ਨੂੰ ਤਾਂ ਦਿੱਲੀ ਭੇਜ ਦਿੱਤਾ ਅਤੇ ਮੈਂ ਤੇ ਮੇਰੇ ਭਾਈ ਸਾਹਿਬ ਗੁਰਚਰਨ ਸਿੰਘ ਹੁਰੀਂ ਲੁਧਿਆਣੇ ਮਿਲਣ ਵਾਸਤੇ ਮਾਡਲ ਟਾਊਨ ਗਏ। ਮਾਲੀ ਨੇ ਬਾਹਰਲਾ ਗੇਟ ਖੋਹਲ ਦਿੱਤਾ, ਅਸੀਂ ਦਰਵਾਜ਼ਾ ਖੜਕਾਇਆ। ਬਹੁਤ ਦੇਰ ਬਾਅਦ ਭਾਈ ਸਾਹਿਬ

ਨੇ ਉਠ ਕੇ ਦਰਵਾਜ਼ਾ ਖੋਲ੍ਹਿਆ। ਦੂਸਰੇ ਕਮਰੇ ਵਿਚ ਭਾਈ ਸਾਹਿਬ ਜੀ ਦੀ ਧਰਮ ਪਤਨੀ ਬੀਮਾਰ ਪਈ ਸੀ। ਉਸ ਸਮੇਂ ਹੋਰ ਘਰ ਵਿਚ ਕੋਈ ਨਹੀਂ ਸੀ। ਮਨ ਬਹੁਤ ਦੁਖੀ ਹੋਇਆ। ਏਡਾ ਵੱਡਾ ਮਹਾਨ ਕੀਰਤਨੀਆ ਜਿਸ 'ਤੇ ਸਾਰੀ ਕੌਮ, ਪੰਥ ਨੂੰ ਮਾਣ ਹੈ, ਕੋਈ ਵੀ ਸੇਵਾ ਵਾਸਤੇ ਕੋਲ ਨਹੀਂ। ਉਸ ਸਮੇਂ ਵੀ ਭਾਈ ਸਾਹਿਬ ਦੇ ਮੰਜੇ 'ਤੇ ਤਾਨਪੂਰਾ ਪਿਆ ਸੀ। ਅਸੀਂ ਆਖਿਆ ਏਨੀ ਬਿਮਾਰੀ ਵਿਚ ਵੀ ਤਾਨਪੂਰਾ ਤਾਂ ਕਹਿਣ ਲਗੇ *ਮੈਂ ਆਪਣੀ ਕਲਾ ਨੂੰ ਜਦ ਤਕ ਸੁਆਸ ਹਨ, ਬੁੱਢਿਆਂ ਨਹੀਂ ਹੋਣ ਦੇਣਾ। ਸਵੇਰ ਤੋਂ ਹੁਣ ਤੱਕ 2-3 ਵਾਰ ਤਾਨਪੂਰੇ ਨਾਲ ਕੀਰਤਨ ਅਭਿਆਸ ਕਰ ਚੁੱਕਾ ਹਾਂ। ਕੀਰਤਨ ਮੇਰੀ ਖ਼ੁਰਾਕ ਹੈ, ਮੇਰਾ ਜੀਵਨ ਹੈ।*

ਅਸੀਂ ਤਕਰੀਬਨ ਘੰਟਾ ਡੇਢ ਘੰਟਾ ਉਹਨਾਂ ਪਾਸ ਠਹਿਰੇ। ਸ਼ਾਮ ਨੂੰ ਭਾਈ ਸਾਹਿਬ ਦਾ ਇਕ ਸ਼ਾਗਿਰਦ (ਸ਼ਾਇਦ ਪ੍ਰੋਫ਼ੈਸਰ ਪਰਮਜੋਤ ਸਿੰਘ ਸੀ) ਆ ਗਿਆ, ਜਿਸ ਨੇ ਚਾਹ ਬਣਾਈ। ਅਸੀਂ ਇਕੱਠਿਆਂ ਬੈਠ ਕੇ ਚਾਹ ਪੀਤੀ। ਨਵੀਆਂ ਪੁਰਾਣੀਆਂ ਗੱਲਾਂ ਬਾਤਾਂ ਕੀਤੀਆਂ, ਹੱਸੇ-ਖੇਡੇ ਵੀ, ਚਿਹਰੇ ਦਾ ਰੰਗ ਵੀ ਬਦਲ ਗਿਆ, ਚੜ੍ਹਦੀਆਂ ਕਲਾਂ ਵਿਚ ਹੋ ਗਿਆ। ਜਿਥੇ ਪਹਿਲਾਂ ਦਰਵਾਜ਼ਾ ਖੋਲ੍ਹਣ ਵਿਚ ਕਾਫੀ ਦੇਰ ਲਾਈ ਸੀ, ਰੰਗ ਬਿਲਕੁਲ ਬੱਗਾ ਸੀ, ਬਹੁਤ ਹੀ ਕਮਜ਼ੋਰੀ ਸੀ, ਉਥੇ ਹੁਣ ਸਾਨੂੰ ਤੋਰਨ ਸਮੇਂ ਬਾਹਰਲੀ ਸੜਕ ਤਕ ਚਲ ਕੇ ਸਾਡੇ ਨਾਲ ਆਏ। *ਅਸੀਂ ਮਹਿਸੂਸ ਕੀਤਾ ਕਿ ਮਿੱਤਰਾਂ ਨੂੰ ਮਿਲ ਕੇ ਵੀ ਮਨ ਚੜ੍ਹਦੀਆਂ ਕਲਾਂ ਵਿਚ ਹੁੰਦਾ ਹੈ। ਪਬਲਿਕ ਲਾਈਫ਼ ਵਾਲੇ ਵਾਸਤੇ ਇਕੱਲਿਆਂ ਰਹਿਣ ਨਾਲ ਸੇਹਤ 'ਤੇ ਬੁਰਾ ਅਸਰ ਪੈਂਦਾ ਹੈ।* ਭਾਈ ਸਾਹਿਬ ਹੀਰਾ ਸਿੰਘ ਜੀ ਨੇ ਵੀ ਹਸਪਤਾਲ ਵਿਚ ਇਹ ਮਹਿਸੂਸ ਕੀਤਾ ਸੀ। ਉਹਨਾਂ ਦੇ ਮਿੱਤਰ ਨੇ ਸਾਨੂੰ ਦਸਿਆ ਸੀ ਕਿ ਬਹੁਤੀ ਦੁਨੀਆਂ ਰਸ ਚੂਸਦੀ ਹੈ ਐਪਰ ਰਸ ਭਰਨ ਵਾਲੇ ਗੁਰਮੁਖ ਵਿਰਲੇ ਹੀ ਹਨ। *ਵਿਰਲੇ ਗੁਰਸਿਖਾਂ ਦੇ ਪਿਆਰ ਸਦਕਾ ਹੀ ਕੀਰਤਨੀਏ ਚੜ੍ਹਦੀ ਕਲਾ ਵਿਚ ਵਿਚਰਦੇ ਹਨ।*

ਚੰਡੀਗੜ੍ਹ ਭਾਈ ਸਾਹਿਬ ਹਰਿਧਨ ਸਿੰਘ ਜੀ, ਭਾਈ ਸਾਹਿਬ ਅਸ਼ੋਕ ਸਿੰਘ ਜੀ, ਭਾਈ ਸਾਹਿਬ ਸਿਕੰਦਰ ਸਿੰਘ ਜੀ ਬਾਗੜੀਆਂ ਖਾਨਦਾਨ ਨੇ ਕੀਰਤਨ ਲਈ ਸੱਦਿਆ। ਉਹ ਪੁਰਾਤਨ ਰੀਤਾਂ ਸੁਣਕੇ ਬਹੁਤ ਹੀ ਪ੍ਰਸੰਨ ਹੁੰਦੇ ਹਨ। ਉਹਨਾਂ ਨੇ ਭਾਈ ਸਾਹਿਬ ਸਮੁੰਦ ਸਿੰਘ ਜੀ ਦੀ ਟੇਪ ਸੁਣਾਈ ਜੋ ਧਰੁਪਦ ਅੰਗ ਵਿਚ ਸੀ। ਬਹੁਤ ਬੈਠਵੀਂ ਲੈ ਵਿਚ ਗਾਇਆ ਹੋਇਆ ਸੀ। ਅਸੀਂ ਇਸ ਸਟਾਈਲ ਵਿਚ ਭਾਈ ਸਾਹਿਬ ਦਾ ਪਹਿਲੀ ਵਾਰੀ ਕੀਰਤਨ ਸੁਣਿਆ। ਅਸੀਂ ਪੁਛਿਆ ਕਿ ਏਨੀ ਬੈਠਵੀਂ ਲੈ ਵਿਚ ਰੀਤਾਂ, ਤਾਂ ਭਾਈ ਸਾਹਿਬ ਬਾਗੜੀਆ ਕਹਿਣ ਲਗੇ, ਸਾਡੇ ਪੂਜ ਪਿਤਾ ਭਾਈ ਸਾਹਿਬ ਅਰਦਮਨ ਸਿੰਘ ਜੀ ਨੇ ਆਖਿਆ ਸੀ ਕਿ ਇਸ ਵੇਰ ਅਸੀਂ ਏਸੇ ਢੰਗ 'ਚ ਸ਼ਬਦ ਰੀਤਾਂ ਸੁਣਨੀਆਂ ਹਨ। ਉਹ ਟੇਪ ਵੀ ਇਕ ਨਾਯਾਬ ਚੀਜ਼ ਹੈ।

ਫਿਰ ਗੁਰੂ ਨੇ ਕਿਰਪਾ ਕੀਤੀ ਅਤੇ ਭਾਈ ਸਮੁੰਦ ਸਿੰਘ ਜੀ ਦੀ ਸੇਹਤ ਕੁਝ ਠੀਕ ਹੋ ਗਈ। ਸੰਗਤਾਂ ਨੂੰ ਨਿਹਾਲ ਕੀਤਾ ਕੀਰਤਨ ਸੁਣਾ ਸੁਣਾ ਕੇ। ਇਹ 1970 ਦੀ ਗੱਲ ਹੈ। ਦਿਲੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ 'ਤੇ ਹੋਰਨਾਂ ਜਥਿਆਂ ਤੋਂ ਪਿਛੋਂ, ਪਹਿਲਾਂ ਭਾਈ ਪਰਤਾਪ ਸਿੰਘ ਜੀ ਅਤੇ ਫਿਰ ਅਸੀਂ ਕੀਰਤਨ ਕੀਤਾ। ਫਿਰ ਭਾਈ ਸਾਹਿਬ ਧਰਮ ਸਿੰਘ ਜ਼ਖ਼ਮੀ ਤੇ ਸਭ ਤੋਂ ਅਖ਼ੀਰ ਭਾਈ ਸਾਹਿਬ ਸਮੁੰਦ ਸਿੰਘ ਜੀ ਨੇ ਸਾਜ਼ ਸੁਰ ਕਰਨੇ ਸ਼ੁਰੂ ਕੀਤੇ। ਮੈਂ ਦੋ ਤਿੰਨ ਮਿੰਟ ਉਠ ਕੇ ਬਾਹਰ ਗਿਆ। ਭਾਈ ਸਾਹਿਬ ਨੇ ਮੰਗਲਾਚਰਣ ਸ਼ੁਰੂ ਕੀਤਾ । ਇਕ ਮੁਸਲਮਾਨ ਬਜ਼ੁਰਗ ਪੰਡਾਲ ਤੋਂ ਬਾਹਰ ਖੜਾ ਸੁਣ ਰਿਹਾ ਸੀ। ਮੈਨੂੰ ਉਸ ਨੇ ਪੁਛਿਆ ਕਿ ਇਹ ਕੌਣ ਗਾ ਰਿਹਾ ਹੈ। ਮੈਂ ਦੱਸਿਆ ਇਹ ਭਾਈ ਸਮੁੰਦ ਸਿੰਘ ਜੀ ਹਨ। ਫਿਰ ਉਸ ਨੇ ਪੁੱਛਿਆ ਕਿ ਇਨ੍ਹਾਂ ਦੀ ਉਮਰ ਕਿੰਨੀ ਕੁ ਹੈ। ਮੈਂ ਕਿਹਾ ਅੰਦਾਜ਼ਨ 70 ਸਾਲ ਹੋਵੇਗੀ। ਉਸ ਸਮੇਂ ਭਾਈ ਸਾਹਿਬ ਭਗਤ ਵਛਲ ਲਫਜ਼ਾਂ ਨੂੰ ਆਪਣੇ ਅੰਦਾਜ਼ ਵਿਚ ਆਖ ਰਹੇ ਸਨ। ਉਹ ਮੁਸਲਮਾਨ ਵਜਦ ਵਿਚ ਆ ਕੇ ਆਖਣ ਲਗ ਪਿਆ, "ਯਿਹ ਤੋ ਅਲਾਹ ਕੀ ਆਵਾਜ਼ ਹੈ, ਯਿਹ ਤੋ ਅਲਾਹ ਕੀ ਆਵਾਜ਼ ਹੈ।"

ਅਸੀਂ 1971–72 ਵਿਚ ਇੰਗਲੈਂਡ ਗਏ ਹੋਏ ਸਾਂ। ਇਸ ਸਮੇਂ ਵਿਚ ਨਿਰੰਕਾਰ ਨੇ ਭਾਈ ਸਾਹਿਬ ਸਮੁੰਦ ਸਿੰਘ ਜੀ ਨੂੰ ਸਚਖੰਡ ਬੁਲਾ ਲਿਆ। ਭਾਈ ਸਾਹਿਬ ਸਦਾ ਅਮਰ ਹਨ, ਐਸੀਆਂ ਜੀਵਨੀਆਂ ਸਦਾ ਲਈ ਮਾਰਗ ਦਰਸ਼ਨ ਕਰਦੀਆਂ ਰਹਿੰਦੀਆਂ ਹਨ।

❑

# ਕੀਰਤਨ-ਸਮਰਾਟ ਭਾਈ ਸਮੁੰਦ ਸਿੰਘ ਜੀ

*-ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ*

ਕੀਰਤਨ ਸਿੱਖਾਂ ਦੀ ਰੂਹਾਨੀ ਖ਼ੁਰਾਕ ਹੈ। ਜੋ ਇਸ ਦਾ ਸੁਆਦ ਮਾਣਦਾ ਹੈ ਉਹ ਤ੍ਰਿਪਤ ਹੋ ਜਾਂਦਾ ਹੈ, ਤਨ ਕਰਕੇ ਵੀ ਤੇ ਮਨ ਕਰਕੇ ਵੀ। ਪੁਰਾਤਨ-ਕੀਰਤਨੀਏ ਜਿੱਥੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਸਨ, ਉਥੇ ਕੀਰਤਨ ਕਰਦੇ ਆਪ ਵੀ ਅੰਮ੍ਰਿਤ ਭੁੰਚਦੇ ਸਨ। ਭਾਈ ਸਮੁੰਦ ਸਿੰਘ ਜੀ ਨਨਕਾਣਾ ਸਾਹਿਬ ਵਾਲੇ, ਭਾਈ ਸੰਤਾ ਸਿੰਘ ਜੀ, ਭਾਈ ਗੋਪਾਲ ਸਿੰਘ ਜੀ ਆਦਿ ਕੁਝ ਐਸੇ ਚੋਣਵੇਂ ਗੁਰ-ਸਿੱਖ ਕੀਰਤਨੀਏ ਹੋਏ ਹਨ, ਜਿਨ੍ਹਾਂ ਨੇ ਕੀਰਤਨ ਕੀਤਾ ਹੀ ਨਹੀਂ, ਕੀਰਤਨੀ-ਜੀਵਨ ਜੀਵਿਆ। ਨਿਰਮੋਲਕ ਕੀਰਤਨ ਦਾ ਪ੍ਰਸ਼ਾਦ ਸਿੱਖ ਸੰਗਤ ਵਿਚ ਵੰਡਣ, ਕੀਰਤਨ ਦੁਆਰਾ ਨਾਮ ਜਪਾਉਣ ਤੇ ਕੀਰਤਨੀ-ਜੀਵਨ ਬਿਤਾਉਣ ਦੀਆਂ ਸੇਵਾਵਾਂ ਦਾ ਅਟੁੱਟ ਲੰਗਰ ਲਗਾਇਆ, ਇਨ੍ਹਾਂ ਕੀਰਤਨੀਆਂ ਨੇ। ਭਾਈ ਸਮੁੰਦ ਸਿੰਘ ਜੀ ਇਨ੍ਹਾਂ ਸੇਵਾਵਾਂ ਨੂੰ ਕਰਨ ਤੇ ਕਰਾਉਣ ਲਈ ਮਨੁੱਖੀ ਜਾਮੇ ਵਿਚ ਇਸ ਸੰਸਾਰ 'ਤੇ ਆਏ। ਆਪ ਨੂੰ ਰਾਗ ਸੁਰ, ਤਾਲ ਦੀ ਵਿਸ਼ੇਸ਼ ਸੋਝੀ ਸੀ। ਉਹ ਆਪਣੀ ਨਿਵੇਕਲੀ ਕੀਰਤਨ-ਸ਼ੈਲੀ ਸਦਕਾ ਹੀ ਸਮਕਾਲੀ ਕੀਰਤਨੀਆਂ ਵਿਚ ਵਿਸ਼ੇਸ਼ ਤੇ ਵਿਲੱਖਣ ਸਥਾਨ ਰਖਦੇ ਸਨ। ਭਾਰਤ ਦੇ ਸੰਗੀਤ ਸਮਰਾਟ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ ਭਾਈ ਸਮੁੰਦ ਸਿੰਘ ਜੀ ਨੂੰ ਬੜਾ ਪਿਆਰ ਕਰਿਆ ਕਰਦੇ ਸਨ। ਆਪ ਨੇ ਲਾਹੌਰ ਰੇਡੀਓ ਸਟੇਸ਼ਨ ਤੋਂ ਭਾਈ ਸਾਹਿਬ ਦੁਆਰਾ ਗਾਇਣ ਕੀਤੇ ਸ਼ਬਦ ਸੁਣਕੇ ਕਿਹਾ ਸੀ, **"ਭਾਈ ਸਮੁੰਦ ਸਿੰਘ ਸਿਖੋਂ ਮੇਂ ਨਹਾਇਤ ਹੀ ਸ਼ੁਧ ਸੁਰ ਔਰ ਫਨ ਵਾਲਾ ਫਨਕਾਰ ਹੈ।"** ਸੰਗੀਤ ਦੇ ਮਾਹਿਰ ਦਲੀਪ ਚੰਦਰ ਬੇਦੀ ਨੇ ਭਾਈ ਸਾਹਿਬ ਨੂੰ **'ਸੁਰ ਕਾ ਬਾਦਸ਼ਾਹ ਤੇ ਬਹਿਰੇ-ਮੌਸੀਕੀ' ਕਹਿ ਕੇ ਵਡਿਆਇਆ ਹੈ।**

ਭਾਈ ਸਮੁੰਦ ਸਿੰਘ ਉੱਜਲ ਆਚਾਰ, ਨਿਰਮਲ ਬੁੱਧੀ ਤੇ ਕੀਰਤਨੀ-ਜੁਗਤੀ ਵਾਲੇ ਮਹਾਨ ਕੀਰਤਨੀਏ ਹੋਏ, ਜਿਨ੍ਹਾਂ ਨੂੰ ਮੈਂ ਅੱਖੀਂ ਡਿੱਠਾ ਤੇ ਕੰਨੀਂ ਸੁਣਿਆ ਹੈ।

ਭਾਈ ਸਮੁੰਦ ਸਿੰਘ ਜੀ ਨੂੰ ਕੀਰਤਨ ਦੀ ਦਾਤ ਵਿਰਸੇ ਵਿਚ ਪ੍ਰਾਪਤ ਹੋਈ ਸੀ। ਆਪ ਜੀ ਦਾ ਪ੍ਰਵਾਰ ਪਿਛਲੀਆਂ ਚਾਰ ਪੁਸ਼ਤਾਂ ਤੋਂ ਕੀਰਤਨ ਦੀ ਸੇਵਾ ਕਰ ਰਿਹਾ ਸੀ। ਆਪ ਜੀ ਦੇ ਸਤਿਕਾਰਯੋਗ ਪਿਤਾ ਭਾਈ ਹਜ਼ੂਰਾ ਸਿੰਘ ਤਾਊਸ ਨਾਲ ਕੀਰਤਨ ਕਰਿਆ ਕਰਦੇ ਸਨ। ਆਪ ਜੀ ਦੇ ਚਾਚਾ ਭਾਈ ਗੁਰਦਿੱਤ ਸਿੰਘ ਤਬਲੇ 'ਤੇ ਉਨ੍ਹਾਂ ਦੀ ਸੰਗਤ ਕਰਿਆ ਕਰਦੇ ਸਨ। ਹੀਰਾ ਸਿੰਘ ਜੀ ਫਿਰੂਕੇ ਵਾਲਿਆਂ ਨੇ ਆਪ ਨੂੰ ਕੀਰਤਨ ਵਿਚ ਨਿਪੁੰਨ ਕਰਨ ਲਈ ਸੁਚੱਜੀ ਅਗਵਾਈ ਦਿੱਤੀ। ਗੁਜਰਾਂਵਾਲੇ ਦੇ

ਭਾਈ ਸ਼ੇਰ ਸਿੰਘ ਤੇ ਭਾਈ ਪਿਆਰਾ ਸਿੰਘ ਰਬਾਬੀਆਂ ਪਾਸੋਂ ਵੀ ਆਪ ਨੇ ਉਤਸ਼ਾਹ-ਭਰਪੂਰ ਸਿਖਿਆ ਗ੍ਰਹਿਣ ਕੀਤੀ।

ਭਾਈ ਸਮੁੰਦ ਸਿੰਘ ਜੀ ਦਾ ਜਨਮ ਪਿੰਡ ਮੁੱਲਾਂ ਹਮਜ਼ਾ, ਜ਼ਿਲ੍ਹਾ ਮਿੰਟਗੁਮਰੀ ਵਿਚ 1901 ਨੂੰ ਹੋਇਆ। ਸੱਤ ਸਾਲ ਦੀ ਆਯੂ ਵਿਚ ਆਪ ਕੀਰਤਨ ਨਾਲ ਜੁੜ ਗਏ। ਆਪ ਜੀ ਨੂੰ ਬਚਪਨ ਵਿਚ 'ਕਾਕਾ ਸਮੁੰਦ ਸਿੰਘ' ਕਿਹਾ ਜਾਂਦਾ ਸੀ। ਭਾਈ ਜੀ ਦੇ ਵੱਡੇ ਭੈਣ ਜੀ, ਬੀਬੀ ਤੇਜ ਕੌਰ ਗੁਰੂ ਨਾਨਕ ਕੰਨਿਆ ਪਾਠਸ਼ਾਲਾ ਗੁਜਰਾਂਵਾਲਾ ਦੇ ਮੁੱਖ ਅਧਿਆਪਕਾ ਸਨ। ਕਾਕਾ ਸਮੁੰਦ ਸਿੰਘ ਜੀ ਆਪਣੇ ਪਿਤਾ ਜੀ ਤੇ ਚਾਚਾ ਜੀ ਨਾਲ ਜਦੋਂ ਵੀ ਗੁਜਰਾਂਵਾਲੇ ਆਉਂਦੇ ਤਾਂ ਸਿੱਖ-ਸੰਗਤਾਂ "ਕਾਕਾ ਸਮੁੰਦ ਸਿੰਘ" ਪਾਸੋਂ ਸ਼ਬਦ ਸੁਣਨ ਲਈ ਗੁਰਦੁਆਰਾ ਸਿੰਘ ਸਭਾ ਵਿਚ ਹਜ਼ਾਰਾਂ ਦੀ ਸੰਖਿਆ ਵਿਚ ਇਕੱਤਰ ਹੁੰਦੀਆਂ। ਕਾਕਾ ਸਮੁੰਦ ਸਿੰਘ ਜਦੋਂ ਸਟੇਜ ਉਤੇ ਖੜੇ ਹੋ ਕੇ ਸ਼ਬਦ ਗਾਇਨ ਕਰਦੇ ਤਾਂ, ਸੱਚ ਜਾਣਿਆ ਜੇ, ਉਨ੍ਹਾਂ ਉਤੇ ਮਾਇਆ ਦਾ ਮੀਂਹ ਵੱਸ ਪੈਂਦਾ ਸੀ ਜੋ ਸੰਗਤਾਂ ਸ਼ਬਦ-ਭੇਟ ਵਜੋਂ ਉਨ੍ਹਾਂ ਨੂੰ ਦੇਂਦੀਆਂ ਸਨ। ਸਰੋਤੇ ਘੰਟਿਆਂ ਬੱਧੀ ਮੰਤਰ-ਮੁਗਧ ਹੋ ਕੇ ਉਨ੍ਹਾਂ ਪਾਸੋਂ ਗੁਰਬਾਣੀ ਦੇ ਸ਼ਬਦ ਸੁਣਕੇ ਪ੍ਰਸੰਨ ਹੁੰਦੇ ਰਹਿੰਦੇ ਸਨ।

ਆਪ ਜੀ ਨੇ 28 ਸਾਲਾਂ ਦਾ ਲੰਮਾ ਸਮਾਂ ਗੁਰੁਦਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਚ ਕੀਰਤਨ ਦੀ ਸੇਵਾ ਕੀਤੀ। ਆਪ ਭਾਵੇਂ ਗੁਰੂ ਗ੍ਰੰਥ ਸਾਹਿਬ ਵਿਚ ਆਏ ਸਾਰੇ ਹੀ ਰਾਗਾਂ ਵਿਚ ਕੀਰਤਨ ਕਰ ਸਕਦੇ ਸਨ, ਪਰ ਸੋਰਠਿ, ਕਾਨੜਾ ਤੇ ਜੈਜਾਵੰਤੀ ਆਪ ਜੀ ਦੇ ਦਿਲ-ਭਾਉਂਦੇ ਰਾਗ ਸਨ। ਆਪ ਬਹਾਰ, ਪਹਾੜੀ ਤੇ ਮੁਲਤਾਨੀ ਵੀ ਗਾਉਂਦੇ। ਆਪ ਪਾਸ ਪੁਰਾਤਨ ਤੇ ਟਕਸਾਲੀ ਬੰਦਸ਼ਾਂ ਦਾ ਅਤੁੱਟ ਭੰਡਾਰ ਸੀ। ਆਪ ਕੀਰਤਨ ਨੂੰ ਠੁਮਰੀ ਰੰਗ ਵਿਚ ਗਾਇਨ ਕਰਨ ਦੇ ਵੀ ਉਸਤਾਦ ਸੰਗੀਤਕਾਰ ਸਨ।

ਮੈਂ ਆਪ ਜੀ ਦੇ ਅੰਤਲੇ-ਦਰਸ਼ਨ 1970 ਵਿਚ ਗੁਰੂ ਨਾਨਕ ਹਾਈ ਸਕੂਲ (ਨਨਕਾਣਾ ਸਾਹਿਬ) ਬਟਾਲਾ ਦੇ ਇਕ ਸਮਾਗਮ ਵਿਚ ਕੀਤੇ ਸਨ। ਮਹੀਨਾ ਫੱਗਣ ਦਾ ਸੀ ਤੇ ਭਾਈ ਸਾਹਿਬ ਨੇ ਸ਼ਬਦ ਗਾਇਆ ਸੀ *'ਰੁਤ ਆਈਲੇ ਸਰਸ ਬਸੰਤ ਮਾਹਿ'*(ਰਾਗ ਬਸੰਤ ਮਹਲਾ ੨)। ਸੰਗਤਾਂ ਨੇਤਰ-ਮੁੰਦੇ ਸ਼ਬਦ ਦਾ ਰੱਸ ਮਾਣ ਰਹੀਆਂ ਸਨ ਤੇ ਭਾਈ ਸਾਹਿਬ ਵਿਸਮਾਦ - ਵਿਸਮਾਦ ਹੋਏ ਪਏ ਸਨ। ਸ਼ਬਦ ਦੀ ਸਮਾਪਤੀ 'ਤੇ ਭਾਈ ਸਾਹਿਬ ਨੇ ਪਲ-ਭਰ ਨੇਤ੍ਰ ਖੋਹਲੇ ਤੇ ਫੇਰ ਆਪਣੇ ਸ਼ਬਦ ਦਾ ਅਲਾਪ ਕੀਤਾ, *'ਮਾਹਾ ਰੁਤੀ ਮਹਿ ਸਦ ਬਸੰਤੁ'* (ਬਸੰਤ ਮਹਲਾ ੩)।

ਅੱਜ ਇਸ ਘਟਨਾ ਨੂੰ ਚੱਵੀ ਸਾਲਾਂ ਦਾ ਸਮਾਂ ਹੋ ਗਿਆ ਹੈ ਪਰ ਮੈਨੂੰ ਕਲ੍ਹ ਦੀ ਤਰ੍ਹਾਂ ਯਾਦ ਹੈ ਕਿ ਸੰਗਤਾਂ ਕਿਸੇ ਅਗੰਮੀ-ਸੁਆਦ ਵਿਚ ਸਰਸ਼ਾਰ ਹੋਈਆਂ ਪਈਆਂ

ਸਨ ਤੇ ਭਾਈ ਸਾਹਿਬ ਦੇ ਹਿਰਦੇ ਦੀ ਦਸ਼ਾ ਉਨ੍ਹਾਂ ਦੇ ਮਸਤਕ ਅਤੇ ਨੈਣਾਂ ਤੋਂ ਰੂਪਮਾਨ ਸੀ।

ਫੇਰ ਦੋ ਸਾਲਾਂ ਤੋਂ ਵੀ ਘੱਟ ਸਮੇਂ ਪਿਛੋਂ ਪੰਜ ਜਨਵਰੀ 1972 ਨੂੰ ਭਾਈ ਸਮੁੰਦ ਸਿੰਘ ਜੀ ਇਹ ਪੰਜ-ਭੂਤਕ ਸਰੀਰ ਤਿਆਗ ਕੇ, ਆਪਣੀ ਆਤਮਾ ਨੂੰ ਗੁਰੂ ਚਰਨਾਂ ਵਿਚ ਲੈ ਗਏ ਅਤੇ ਜਾ ਹਾਜ਼ਰੀਆਂ ਭਰੀਆਂ ਸੁਹਣੇ ਸਾਜਣ ਪਾਸ, ਅਕਾਲ ਪੁਰਖ ਦੇ ਚਰਨਾਂ ਵਿਚ।

ਐਸੇ ਯੁਗ ਪੁਰਸ਼ ਰੋਜ਼ ਰੋਜ਼ ਥੋੜ੍ਹੇ ਆਉਂਦੇ ਨੇ ਸੰਸਾਰ ਵਿਚ। ਭਾਈ ਸਾਹਿਬ ਕੀਰਤਨ ਵਿਚੋਂ ਉਪਜੇ, ਕੀਰਤਨ ਰਾਹੀਂ ਉਨ੍ਹਾਂ ਦੀ ਸ਼ਖ਼ਸੀਅਤ ਦਾ ਵਿਕਾਸ ਹੋਇਆ ਤੇ ਅੰਤ ਕੀਰਤਨ ਨਾਲ ਜੁੜ ਗਏ ਸਦਾ ਲਈ। ਆਪ ਦੀ ਯਾਦ ਨੂੰ ਤਾਜ਼ਾ ਰੱਖਣ ਲਈ "ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ" ਲੁਧਿਆਣਾ ਦੇ ਪ੍ਰੇਮੀਆਂ ਨੇ 1980 ਵਿਚ "ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ" ਕਾਇਮ ਕਰ ਦਿੱਤੀ ਸੀ, ਜਿਸ ਵਿਚ ਬੱਚਿਆਂ ਨੂੰ ਭਾਈ ਸਾਹਿਬ ਦੀ ਕੀਰਤਨ-ਸ਼ੈਲੀ ਦੇ ਆਧਾਰ ਤੇ ਕੀਰਤਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਸ ਅਕੈਡਮੀ ਦੇ ਵਰਤਮਾਨ ਪ੍ਰਿੰਸੀਪਲ ਸ੍ਰ: ਪਰਮਜੋਤ ਸਿੰਘ ਹਨ ਤੇ ਡਾਇਰੈਕਟਰ ਪ੍ਰੋਫ਼ੈਸਰ ਕਰਤਾਰ ਸਿੰਘ ਜੀ । 30 ਜੁਲਾਈ 1989 ਨੂੰ ਪ੍ਰਿੰਸੀਪਲ ਪਰਮਜੋਤ ਸਿੰਘ ਜੀ ਤੇ 1991 ਵਿਚ ਪ੍ਰੋਫ਼ੈਸਰ ਕਰਤਾਰ ਸਿੰਘ ਜੀ ਨੂੰ "ਭਾਈ ਸਮੁੰਦ ਸਿੰਘ ਐਵਾਰਡ" ਨਾਲ ਸਨਮਾਨਤ ਕੀਤਾ ਗਿਆ ਸੀ।

ਸਤਿਗੁਰੂ ਕਿਰਪਾ ਕਰਨ, ਗੁਰੂ ਕੇ ਕਰਿਤਨੀਆਂ ਨੂੰ ਭਾਈ ਸਮੁੰਦ ਸਿੰਘ ਜੀ ਦੇ ਪੂਰਨਿਆਂ ਉਤੇ ਚੱਲਣ ਦੀ ਬਲ ਬੁੱਧੀ ਤੇ ਸਮਰਥਾ ਬਖ਼ਸ਼ਿਸ਼ ਕਰਨ।

ਗੁਰਪੁਰ-ਵਾਸੀ ਭਾਈ ਸਮੁੰਦ ਸਿੰਘ ਜੀ ਨੂੰ ਅਸਲੀ ਸ਼ਰਧਾਂਜਲੀ ਇਹੋ ਹੋਵੇਗੀ ਜੇ ਅਸੀਂ ਕੀਰਤਨ ਨੂੰ "ਕੀਰਤਨ" ਦਾ ਦਰਜਾ ਹੀ ਦਈ ਰਖੀਏ। ਇਸ ਨੂੰ ਫ਼ਿਲਮੀ ਤਰਜ਼ਾਂ, ਵਾਧੂ ਬਿਆਨ ਤੇ ਹੌਲੀਆਂ ਤੁੱਕ-ਬੰਦੀਆਂ ਤੋਂ ਬਚਾ ਕੇ ਨਿਰੋਲ ਗੁਰਬਾਣੀ-ਗਾਇਣ ਦੀ ਪਰੰਪਰਾ ਨੂੰ ਕਾਇਮ ਰੱਖ ਸਕੀਏ।

❑

# ਇਕ ਮਹਾਨ ਕੀਰਤਨੀਏ !

*-ਬੀਬੀ ਜਸਕਿਰਨ ਕੌਰ*

*(ਸਪੁੱਤਰੀ ਭਾਈ ਸਮੁੰਦ ਸਿੰਘ ਜੀ)*

ਵੀਹਵੀਂ ਸ਼ਤਾਬਦੀ ਦੇ ਆਰੰਭ ਵਿਚ ਇਕ ਸੁਹਣੀ ਨੁਹਾਰ, ਸੂਰਤ ਤੇ ਵਿਲੱਖਣ ਸ਼ਖ਼ਸੀਅਤ ਵਾਲਾ ਬਾਲ ਜੰਮਿਆ ਭਾਈ ਹਜ਼ੂਰਾ ਸਿੰਘ ਦੇ ਘਰ ਤੇ ਬੀਬੀ ਕਰਮ ਕੌਰ ਦੀ ਕੁੱਖੋਂ। ਆਪ ਦੇ ਪਿੰਡ ਦਾ ਨਾਮ ਮੁੱਲਾਂ ਹਮਜ਼ਾਂ ਚਕ ਨੰਬਰ 47, ਜ਼ਿਲ੍ਹਾ ਮਿੰਟਗੁਮਰੀ, (ਹੁਣ ਪਾਕਿਸਤਾਨ) ਹੈ। ਬੜੀਆਂ ਖ਼ੁਸ਼ੀਆਂ ਕੀਤੀਆਂ ਗਈਆਂ, ਤਿੰਨਾਂ ਭੈਣਾਂ ਤੋਂ ਬਾਅਦ ਘਰ ਪੁੱਤਰ ਦੀ ਦਾਤ ਵਰਸੀ। ਆਪਦੀ ਦਾਦੀ ਦਿਨ ਰਾਤ ਸੁਖਮਨੀ ਸਾਹਿਬ ਦੇ ਪਾਠ ਕਰਦੇ। ਕਈ ਵਾਰੀ ਦਿਨ ਵਿਚ 15 ਪਾਠ ਕਰ ਲੈਂਦੇ। ਇਕ ਖ਼ਤਮ ਹੋਣ ਤੇ ਦੂਸਰਾ ਸ਼ੁਰੂ ਕਰ ਦੇਣਾ ਤਾਂ ਕਿ ਸੁਰਤ ਸਦਾ ਸ਼ਬਦ ਨਾਲ ਜੁੜੀ ਰਹੇ। ਇਹੋ ਜੇਹੀ ਦਾਦੀ ਦੀ ਗੁੜ੍ਹਤੀ ਜਿਸ ਬਾਲਕ ਨੂੰ ਮਿਲੀ ਹੋਵੇ ਉਹ ਬਾਣੀ ਨਾਲ ਕਿਉਂ ਨਹੀਂ ਜੁੜੇਗਾ।

ਦੁੱਧਾਂ ਮਲਾਈਆਂ ਤੇ ਮਖਣਾਂ ਨਾਲ ਪਾਲ ਪਾਲ ਕੇ ਇਸਦੀ ਸ਼ਰੀਰਕ ਬਣਤਰ ਹੋਰ ਹੋਰ ਨਿਖਰਦੀ ਗਈ। ਇਹ ਆਪਣੇ ਹਮਜੋਲੀਆਂ ਨਾਲ ਗੁਲੀ ਡੰਡਾ ਖੇਡਦਾ, ਗੁਲੇਲਾਂ ਨਾਲ ਨਿਸ਼ਾਨੇ ਲਗਾਂਦਾ, ਘੁੜ ਸਵਾਰੀ ਸਿੱਖੀ, ਗਤਕੇ ਦਾ ਵੀ ਸ਼ੌਂਕ ਰਖਿਆ ਪਰ ਬਚਪਨ ਤੋਂ ਹੀ ਟੇਕ ਅਕਾਲ ਪੁਰਖ ਦੀ। ਪਿਤਾ ਨੇ ਮਾਂ ਬੋਲੀ ਸਿਖਾਂਦਿਆਂ ਹੀ ਏਕੰਕਾਰ ਨਾਲ ਜੋੜਿਆ ਤੇ ਬਾਣੀ ਰਟਣ ਦੀ ਐਸੀ ਚਟਕ ਲਗਾਈ ਕਿ ਝਟ ਹੀ ਆਪ ਨਿਤਨੇਮ ਦੀਆਂ ਬਾਣੀਆਂ ਕੰਠ ਕਰ ਗਏ। ਫਿਰ ਆਸਾ ਜੀ ਦੀ ਵਾਰ, ਬਾਰਾਮਾਂਹ ਤੇ ਸੁਖਮਨੀ ਸਾਹਿਬ ਨਾਲ ਆਪ ਮੁਹਾਰੇ ਹੀ ਪ੍ਰੀਤ ਵਧਦੀ ਗਈ।

ਆਪ ਦੇ ਵੱਡੇ ਵਡੇਰੇ ਗੁਰਮੁਖ ਜੀਵਨ ਦੇ ਧਾਰਨੀ, ਅੰਮ੍ਰਿਤ ਵੇਲੇ ਨੂੰ ਸੰਭਾਲਣ ਵਾਲੇ ਗੁਰੂ ਜਸ ਗਾਉਣ ਵਾਲੇ ਸਨ। ਭਾਈ ਸਾਹਿਬ ਭਾਈ ਮਨੀ ਸਿੰਘ ਜੀ ਆਪ ਦੀ ਉਚ ਪੀੜ੍ਹੀ ਵਿਚੋਂ ਸਨ ਜਿਨ੍ਹਾਂ ਦੇ ਦਸਤੇ ਮੁਬਾਰਕ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਵਾਇਆ। ਬਾਅਦ ਵਿਚ ਆਪ ਆਪਣਾ ਬੰਦ ਬੰਦ ਕਟਵਾ ਸ਼ਹੀਦ ਹੋਏ ਤੇ ਸੀ ਤਕ ਵੀ ਨਾ ਕੀਤੀ। ਉਸ ਤੋਂ ਬਾਅਦ ਦੀਆਂ ਵੀ ਪੁਸ਼ਤਾਂ ਗੁਰੂ ਘਰ ਨਾਲ ਜੁੜੀਆਂ ਰਹੀਆਂ। ਉਦੋਂ ਛਾਪੇਖਾਨੇ ਨਾ ਹੋਣ ਕਰਕੇ ਆਪਦੇ ਦਾਦਾ ਜੀ ਹਸਤ ਲਿਖਤ ਬੀੜਾਂ ਤਿਆਰ ਕਰਦੇ ਤੇ ਗੁਰਮੁਖ ਪਿਆਰਿਆਂ ਨੂੰ ਵੰਡ ਬਾਣੀ ਨਾਲ ਜੁੜਨਾ ਸਿਖਾਉਂਦੇ। ਆਪਦੇ ਦਾਦੀ ਜੀ ਨੇ ਵੀ ਆਪਣੀਆਂ ਸਹੇਲੀਆਂ ਨੂੰ ਪੰਜਾਬੀ ਸਿਖਾਈ ਤੇ ਪੰਜ ਗ੍ਰੰਥੀ ਤੇ ਸੰਥਾ ਦਿੱਤੀ। ਇਉਂ ਬੀਬੀਆਂ ਵੀ ਪੰਜਾਬੀ (ਗੁਰਮੁਖੀ) ਨਾਲ ਜੁੜਦੀਆਂ ਤੇ ਗੁਰਬਾਣੀ ਦਾ ਵਾਤਾਵਰਣ ਵੀ ਘਰ ਵਿਚ ਹਰ ਵੇਲੇ ਬਣਿਆ ਰਹਿੰਦਾ।

ਇਸੇ ਲਈ ਸ਼ਾਇਦ ਬਾਲਕ ਸਮੁੰਦ ਸਿੰਘ ਨੂੰ ਪੰਜਾਬੀ ਪੜ੍ਹਨੀ ਤੇ ਕਰਤੇ ਦੀ ਕੀਰਤ ਕਰਨੀ ਕੋਈ ਔਖੀ ਨਾ ਲਗੀ। ਹੋਣਹਾਰ ਬਿਰਵਾ ਕੇ ਹੋਤ ਚੀਕਨੇ ਪਾਤ। ਪਿਤਾ ਨੇ ਇਹ ਸੋਚ ਲਿਆ ਕਿ ਬੱਚੇ ਨੂੰ ਸਿਰਫ਼ ਅਕਾਲ ਪੁਰਖ ਦੀ ਕੀਰਤੀ ਕਰਨ ਵਾਲੇ ਪਾਸੇ ਹੀ ਲਗਵਾਉਣਾ ਹੈ। ਜਿਥੇ ਆਪਦੇ ਵਡੇਰੇ ਤਾਊਸ ਤੇ ਸਿਰੰਦੇ ਨਾਲ ਕੀਰਤਨ ਕਰਦੇ ਸਨ, ਆਪਨੇ ਹਾਰਮੋਨੀਅਮ ਦੇ ਅਗੇ ਬੈਠ ਕੇ ਪਿਤਾ ਨੂੰ ਗੁਰੂਦੇਵ ਮਿਥ ਸ਼ਬਦ ਸਿਖੇ ਤੇ ਗੁਰਦੁਆਰੇ ਸਾਧ ਸੰਗਤ ਵਿਚ ਗਾਉਣੇ ਸ਼ੁਰੂ ਕਰ ਦਿੱਤੇ। ਇਥੋਂ ਤਕ ਕਿ ਕੇਵਲ ਸਤ ਸਾਲ ਦੀ ਉਮਰ ਵਿਚ ਆਪ ਇੰਨਾ ਸੁਰੀਲਾ ਤੇ ਸੁਰਤਾਲ ਵਿਚ ਗਾਉਣ ਲਗੇ ਕਿ ਅੱਜ ਹੋਰ, ਕੱਲ੍ਹ ਹੋਰ। ਦਿਨ ਪ੍ਰਤੀ ਦਿਨ ਆਪਦੀ ਚੇਟਕ ਸ਼ਬਦ ਕੀਰਤਨ ਕਰਨ ਵਿਚ ਪ੍ਰਪੱਕ ਹੁੰਦੀ ਗਈ। ਵਾਜੇ ਅਗੇ ਬੈਠ ਆਪ ਦਿਸਦੇ ਵੀ ਨਹੀਂ ਸਨ। ਲੋਕ ਸੰਗਤ ਵਿਚੋਂ ਉੱਠ ਉੱਠ ਕੇ ਆਪਦੀ ਸੁਹਣੀ ਸੂਰਤ ਤੇ ਸੀਰਤ ਨੂੰ ਦੇਖਦੇ ਸੁਣਦੇ। ਫਿਰ ਸੰਗਤ ਵਿਚ ਬੈਠੇ ਸੰਤਾਂ ਤੇ ਗੁਰਮੁਖਾਂ ਨੇ, ਬਜ਼ੁਰਗਾਂ ਨੇ ਚੁੱਕ ਕੇ ਆਪਦੇ ਦਰਸ਼ਨ ਕਰਵਾਉਣੇ ਤੇ ਕਹਿਣਾ ਕਿ ਇਹ ਬਾਲਕ ਕਦੀ ਵੱਡਾ ਹੋ ਕੇ ਤੁਹਾਨੂੰ ਆਪਣੀ ਆਵਾਜ਼ ਦਾ ਕਮਾਲ ਦਿਖਾਵੇਗਾ।

ਉਹੀਓ ਕੁਝ ਹੋਇਆ, ਕਾਕਾ ਸਮੁੰਦ ਸਿੰਘ ਬਾਣੀ ਗਾਉਣ ਵਿਚ ਇੰਨੇ ਪ੍ਰਬੀਨ ਹੋ ਗਏ ਕਿ ਉਹਨਾਂ ਦੇ ਆਵਾਜ਼ ਦੀ ਮਹਿਮਾ ਘਰ ਘਰ ਹੋਣ ਲਗ ਪਈ। ਵਿਆਹਾਂ ਸ਼ਾਦੀਆਂ ਤੇ ਸਤਿਸੰਗਾਂ ਲਈ, ਗੁਰਪੁਰਬਾਂ ਦੀਆਂ ਰੌਣਕਾਂ ਨੂੰ ਵਧਾਉਣ ਲਈ ਸੱਦੇ ਪੱਤਰ ਆਉਣੇ ਸ਼ੁਰੂ ਹੋ ਗਏ। ਕਈ ਕਈ ਮਹੀਨੇ ਪਹਿਲੇ ਹੀ ਭਾਈ ਸਾਹਿਬ ਜੀ ਦੀ ਪਾਰਟੀ ਸ਼ਬਦ ਕੀਰਤਨ ਪ੍ਰੋਗਰਾਮ ਲਈ ਬੁੱਕ ਹੋ ਜਾਂਦੀ।

ਜਿਵੇਂ ਜਿਵੇਂ ਆਪ ਅੰਮ੍ਰਿਤ ਕੀਰਤਨ ਕਰਦੇ ਤੇ ਸੁਣਾਉਂਦੇ ਤਿਵੇਂ ਤਿਵੇਂ ਵਧੇਰੇ ਰਸਲੀਨ ਹੁੰਦੇ ਜਾਂਦੇ ਤੇ ਸਾਰੇ ਰਾਗ ਰਾਗਨੀਆਂ ਨੂੰ ਸਮੇਂ ਮੁਤਾਬਕ ਕਈ ਰੀਤਾਂ ਵਿਚ ਗਾ ਕੇ ਹੋਰ ਅਗੇਰੇ ਹੁੰਦੇ ਗਏ। ਅੰਤਾਂ ਦਾ ਨੂਰ ਜਦੋਂ ਉਹ ਗਾਉਂਦੇ ਸਨ ਤਾਂ ਉਹਨਾਂ ਦੇ ਸੁੰਦਰ ਮੁਖੜੇ ਤੋਂ ਆਪ ਮੁਹਾਰੇ ਚਮਕਦਾ ਸੀ।

ਆਪ ਚੜ੍ਹਦੀ ਜਵਾਨੀ ਵਿਚ ਹੀ ਇਕ ਗੁਰਮੁੱਖ ਪ੍ਰਵਾਰ ਦੀ ਪੁਤੱਰੀ ਭਾਈ ਗੰਗਾ ਸਿੰਘ ਜੀ ਦੀ ਵਿਚਲੀ ਬੇਟੀ ਬੀਬੀ ਦਯਾ ਕੌਰ ਜੀ ਨਾਲ ਵਿਆਹੇ ਗਏ। ਇਥੇ ਵੀ ਦੇਖੋ ਇੱਕ ਪਾਸੇ ਸਮੁੰਦਰ ਵਰਗਾ ਵਿਸ਼ਾਲ, ਗਹਿਰਾ ਤੇ ਠਾਠਾਂ ਮਾਰਦਾ ਹਿਰਦਾ ਤੇ ਦੂਜੇ ਪਾਸੇ ਦਯਾ, ਦਾਨ ਤੇ ਸੰਜਮ ਵਿਚ ਨਿਪੁੰਨ ਬੀਬੀ–ਦੋਹਾਂ ਦੀ ਜੋੜੀ ਨੂੰ ਵਾਹਿਗੁਰੂ ਦੀ ਅਪਾਰ ਰਹਿਮਤ ਅਨੁਸਾਰ ਗੁਰਸਿੱਖੀ ਮਾਰਗ ਤੇ ਚਲਣ, ਮੰਨਣ ਤੇ ਆਪਣੇ ਆਦਰਸ਼ ਵਿਚ ਦ੍ਰਿੜ੍ਹ ਰਹਿਣ ਦੀ ਬਖ਼ਸ਼ਿਸ਼ ਮਿਲੀ।

ਸਿੰਘਾ ਸਭਾ ਲਹਿਰ ਉਦੋਂ ਜ਼ੋਰ ਪਕੜ ਰਹੀ ਸੀ। ਥਾਂ ਥਾਂ ਹਿੰਦੁਸਤਾਨ ਵਿਚ ਸਿੰਘਾਂ ਨੇ ਸਿੰਘ ਸਭਾਵਾਂ ਬਣਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚੀ ਬਾਣੀ ਨੂੰ ਪਰਚਾਰਨਾ ਚਾਹਿਆ, ਜਿਸ ਲਈ ਚੰਗੇ ਗਵੱਈਆਂ ਦੀ ਲੋੜ, ਜੋ ਉਸਦੀ ਕੀਰਤੀ ਗਾ ਸੰਗਤਾਂ ਵਿਚ ਜੋਸ਼, ਉਮਾਹ ਤੇ ਪਿਆਰ ਪੈਦਾ ਕਰ ਸਕਣ, ਵਧਦੀ ਗਈ। ਸੋ ਆਪ 1921 ਵਿਚ ਮਿੰਟਗੁਮਰੀ ਛੱਡ ਨਨਕਾਣਾ ਸਾਹਿਬ, ਰਾਇ ਭੋਇ ਦੀ ਤਲਵੰਡੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਦੀ ਧਰਤੀ ਤੇ ਆਪਣੇ ਪਿਆਰੇ ਨੂੰ ਰਿਝਾਉਣ ਤੇ ਉਸਦੀ ਉਸਤਤ ਕਰਨ ਜੁਟ ਗਏ। ਸੰਨ1921 ਤੋਂ ਲੈਕੇ 1936 ਤਕ ਲਗਾਤਾਰ ਦੋ ਵੇਲੇ ਕੀਰਤਨ ਦੀ ਸੇਵਾ ਜਨਮ ਅਸਥਾਨ ਨਨਕਾਣਾ ਸਾਹਿਬ ਸੰਭਾਲੀ। ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਪਾਣ ਕਰਕੇ ਬਾਬੇ ਨਾਨਕ ਦੇ ਦੁਆਰੇ ਬੈਠ ਅਖੰਡ ਕੀਰਤਨ ਆਸਾ ਜੀ ਦੀ ਵਾਰ ਟਿੱਕ ਕੇ ਅਡੋਲ ਕਰਨੀ। ਆਪ ਦੀ ਨੁਹਾਰ ਪੂਰਨ ਗੁਰਸਿੱਖਾਂ ਵਾਲੀ, ਪਾਜਾਮਾ ਤੇ ਨੀਲੀ ਦਸਤਾਰ, ਆਪਦਾ ਰੋਜ਼ ਦਾ ਪਹਿਰਾਵਾ ਸੀ। ਆਪ ਕੀਰਤਨ ਵਕਤ ਗਲੇ ਵਿਚ ਚਿੱਟਾ ਪਰਨਾ ਜ਼ਰੂਰ ਧਰਦੇ ਸਨ। ਉਸ ਵੇਲੇ ਅਕਾਲ ਪੁਰਖ ਨਾਲ ਇੱਕ ਹੋ ਉਸ ਦੀ ਕੀਰਤੀ ਕਰਦੇ ਸਨ। ਸੁਰਤਾਲ, ਅਲਾਪ ਤੇ ਅਗੋਂ ਮਿਠੀ ਅਵਾਜ਼, ਫਿਰ ਰਾਗ ਰਾਗਣੀਆਂ ਦੀ ਸ਼ੁੱਧਤਾ ਆਪ ਦੇ ਗਹਿਣੇ ਸਨ। ਜਿਉਂ ਹੀ ਗਾਉਂਦੇ, ਸੁਨਣ ਵਾਲੇ ਕੀਲੇ ਜਾਂਦੇ ਤੇ ਉਠਣ ਦਾ ਨਾਮ ਨਾ ਲੈਂਦੇ, ਸਗੋਂ ਜੁੜ ਕੇ ਸੁਣਦੇ ਤੇ ਇਲਾਹੀ ਰਸ ਨੂੰ ਮਾਣਦੇ।

ਸਤਿਗੁਰੂ ਨਾਨਕ ਦੇਵ ਜੀ ਨੇ ਕੀਰਤਨ ਇਕ ਅਮੁੱਲ ਦਾਤ ਵੰਡੀ ਤੇ ਆਪਣੇ ਮਨੁੱਖੀ ਜਾਮੇ ਵਿਚ 70 ਸਾਲ ਦੀ ਆਯੂ ਤਕ ਜਗ੍ਹਾ ਜਗ੍ਹਾ ਜਾ ਕੇ, ਕਰਤਾ ਪੁਰਖ ਦੇ ਇਲਹਾਮ ਗਾ ਕੇ ਸੁਣਾਏ ਤੇ ਇਹੀ ਫੂਕ ਮਾਰੀ ਆਪਣੇ ਕੀਰਤਨੀਆਂ ਵਿਚ ਕਿ ਦਾਤੇ ਨਾਲ ਇੱਕ ਮਿੱਕ ਹੋਣ ਦਾ ਤੇ ਅਭੇਦ ਹੋਣ ਦਾ ਰਾਹ ਕੀਰਤਨ ਹੈ। ਗੁਰਬਾਣੀ ਦਾ ਨਿਰੋਲ ਕੀਰਤਨ ਜਿਸਨੂੰ ਭਾਈ ਸਾਹਿਬ ਨੇ ਇੰਨ ਬਿੰਨ ਸਮਝਿਆ ਸਮਝਾਇਆ ਤੇ ਗਾ ਕੇ ਆਪ ਅਨੰਦ ਮਾਣਿਆ ਤੇ ਸੰਗਤਾਂ ਨੂੰ ਮਨਵਾਇਆ।

ਸੰਨ 1930 ਤੋਂ ਆਪ ਗੁਰਬਾਣੀ ਸ਼ਬਦਾਂ ਨੂੰ ਰੇਡੀਓ 'ਤੇ ਗਾਣ ਲਗ ਪਏ ਤੇ ਇਹ ਪ੍ਰੋਗਰਾਮ ਆਪ ਦੇ ਨਾ ਕੇਵਲ ਲਾਹੌਰ ਰੇਡੀਓ ਸਟੇਸ਼ਨ ਤੋਂ ਪ੍ਰਸਾਰਿਤ ਹੁੰਦੇ ਸਨ ਸਗੋਂ ਸ਼ਿਮਲਾ, ਜੰਮੂ, ਕਸ਼ਮੀਰ, ਦਿਲੀ ਤੇ ਜਲੰਧਰ ਰੇਡੀਓ ਸਟੇਸ਼ਨਾਂ ਤੋਂ ਭੀ ਹੁੰਦੇ ਰਹੇ। ਕੀਰਤਨ ਰਸੀਆਂ ਨੂੰ ਹੁਣ ਹੋਰ ਵੀ ਜ਼ਿਆਦਾ ਚੰਗਾ ਲੱਗਣ ਲੱਗ ਪਿਆ ਕਿ ਜਿਥੇ ਕੇਵਲ ਅਗੇ ਨਨਕਾਣਾ ਸਾਹਿਬ ਦੀ ਧਰਤੀ ਨੂੰ ਭਾਗ ਲਗੇ ਸਨ ਉਥੇ ਹੁਣ ਹਿੰਦੁਸਤਾਨ ਦੇ ਹਰ ਕੋਨੇ ਵਿਚ ਆਪ ਦੀ ਆਵਾਜ਼ ਰੇਡੀਓ ਰਾਹੀਂ ਸੁਣੀ ਜਾਣ ਲਗ ਪਈ।

ਹੌਲੀ ਹੌਲੀ ਭਾਈ ਸਾਹਿਬ ਦੀ ਮੰਗ ਹਿੰਦੁਸਤਾਨ ਦੇ ਹਰ ਗੁਰਦੁਆਰੇ, ਸਿੱਖ ਸੰਗਤਾਂ, ਕਾਨਫਰੰਸਾਂ, ਵਿਆਹ ਸ਼ਾਦੀਆਂ ਤੇ ਦੁਖ ਸੁਖ ਦੇ ਸਮਾਗਮਾਂ, ਹਰ ਗੁਰਪੁਰਬ 'ਤੇ ਜਗ੍ਹਾ ਜਗ੍ਹਾ ਹੋਣ ਲੱਗ ਪਈ। ਲੋਕਾਂ ਨੂੰ ਇਕ ਇਸ਼ਕ ਜਾਗ ਪਿਆ ਆਪਦੇ ਗਲੇ ਤੋਂ ਪੱਕੇ ਰਾਗ ਸੁਨਣ ਦਾ। ਕਈ ਦਫਾ ਗਾਂਦਿਆਂ ਗਾਂਦਿਆਂ ਆਪ ਦਾ ਗਲਾ ਐਉਂ ਵੈਰਾਗਿਆ ਜਾਂਦਾ ਜਿਵੇਂ ਕੋਈ ਵਿਛੜੀ ਆਤਮਾ ਅਕਾਲ ਪੁਰਖ ਨੂੰ ਰੀਝਾਅ ਉਸ ਵਿਚ ਮਿਲਣਾ ਲੋੜਦੀ ਹੈ। ਬੇਨਤੀਆਂ ਦੇ ਸ਼ਬਦਾਂ ਦੀ ਝੜੀ ਲਗ, ਜਾਂਦੀ। ਜਿਸ ਤਰ੍ਹਾਂ

*ਮੇਲਿ ਲੈਹੁ ਦਇਆਲ, ਢਹਿ ਪਏ ਦੁਆਰਿਆ॥(ਪੰਨਾ੭੦੯)*
*ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ, ਮੈ ਨੀਰੁ ਵਹੇ ਵਹਿ ਚਲੈ ਜੀਉ॥*
*(ਪੰਨਾ ੯੪)*

ਬਾਣੀ ਅਥਾਹ ਸਮੁੰਦਰ ਹੈ ਜੋ 31 ਰਾਗ ਰਾਗਣੀਆਂ ਵਿਚ ਲਿਖੀ ਹੋਈ ਹੈ। ਆਪ ਇਹ ਸਭ ਰਾਗ ਰਾਗਣੀਆਂ ਸਹਿਜ ਸੁਭਾਅ ਗਾ ਲੈਂਦੇ ਸਨ। ਸ਼ੁੱਧਤਾ ਆਪ ਦਾ ਗਹਿਣਾ ਸੀ। ਸੁਰੀਲਾਪਨ ਆਪ ਦੀ ਸੁਰ ਵਿਚ ਸੀ। ਫਿਰ ਗੁਰੂ ਨਾਨਕ ਦੀ ਬਖ਼ਸ਼ਿਸ਼ ਜਿਸ 'ਤੇ ਹੋ ਜਾਏ, ਖਿੜੀ ਹੋਈ ਸ਼ਖ਼ਸੀਅਤ, ਸੁਰੀਲਾ ਗਲਾ, ਸ਼ੁੱਧ ਤੇ ਸੁਰ ਤਾਲ ਵਿਚ ਮੁਹਾਰਤ ਇਕ ਅਨੋਖੀ ਤ੍ਰਿਬੇਣੀ ਸੀ, ਜੋ ਹਰ ਸੁਨਣ ਵਾਲੇ ਨੂੰ ਕੀਲ ਲੈਂਦੀ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧੁਰ ਕੀ ਬਾਣੀ 19 ਰਾਗਾਂ ਵਿਚ ਉਚਾਰੀ ਤੇ ਗਾਈ। 8 ਰਾਗ ਸਵੇਰ ਦੇ ਹਨ – ਆਸਾ, ਭੈਰਉ, ਗੁਜਰੀ, ਰਾਮਕਲੀ, ਪ੍ਰਭਾਤੀ, ਬਿਲਾਵਲ, ਸੂਹੀ, ਟੋਡੀ।

5 ਰਾਗ ਸ਼ਾਮ ਦੇ ਹਨ – ਸ੍ਰੀ ਰਾਗ, ਗਉੜੀ, ਧਨਾਸਰੀ, ਮਾਰੂ ਅਤੇ ਤਿਲੰਗ।

ਰਾਤ ਦੇ ਵਡਹੰਸ, ਕਾਨੜਾ, ਸੋਰਠ, ਬਸੰਤ ਤੇ ਮਲ੍ਹਾਰ ਰਾਗ ਹਨ।

ਦੁਪਹਿਰ ਵੇਲੇ ਦਾ ਕੇਵਲ ਇਕੋ ਰਾਗ ਸਾਰੰਗ ਹੈ।

ਰਾਗ ਇਕ ਅਤਿ ਉਚ ਕੋਮਲ ਕਲਾ ਹੈ। ਕਲਾ ਦੀ ਪਰਖ ਵਿਰਲਿਆਂ ਨੂੰ ਹੁੰਦੀ ਹੈ। ਇਹ ਕੇਵਲ ਕਲਾ ਕਲਾ ਲਈ ਵਰਤੀ ਗਈ ਤੇ ਕਦੀ ਕਲਾ ਜੀਵਨ ਲਈ ਹੋ ਨਿਬੜੀ। ਕਲਾ ਜੇ ਕਿਤੇ ਜੀਵਨ ਲਈ ਵਰਤੀ ਜਾਏ, ਵਧੇਰੇ ਰਸਦਾਇਕ ਤੇ ਵਧੇਰਾ ਅਨੰਦ ਦੇਣ ਵਾਲੀ ਹੋ ਜਾਂਦੀ ਹੈ। ਜਿਸ ਵੇਲੇ ਕਲਾਕਾਰ ਕਲਾ ਵਿਚ ਆਪਣੇ ਆਪ ਨੂੰ ਇੱਕ ਮਿੱਕ ਕਰ ਲੈਂਦਾ ਹੈ, ਉਸ ਵੇਲੇ ਕਲਾ ਟੀਸੀ 'ਤੇ ਪਹੁੰਚਦੀ ਹੈ। ਜੀਵਨ ਤੋਂ ਕਲਾ ਨੂੰ ਨਖੇੜਿਆ ਨਹੀਂ ਜਾਂਦਾ। ਆਉ ਜ਼ਰਾ ਪਰਖੀਏ ! ਕਲਾਕਾਰ ਵਿਚ ਕਿਹੜੇ ਗੁਣ ਉਸਨੂੰ ਹਰਮਨ ਪਿਆਰੇ ਤੇ ਆਪਣੀ ਮੰਜ਼ਲ 'ਤੇ ਪੁਚਾ ਦਿੰਦੇ ਹਨ। ਇਕ ਵਾਰੀ ਸ੍ਰੀ

ਗੁਰੂ ਹਰਿਗੋਬਿੰਦ ਸਾਹਿਬ ਤੋਂ ਸਿੱਖਾਂ ਨੇ ਪੁੱਛਿਆ ਕਿ ਇਕ ਚੰਗੇ ਢਾਡੀ ਜਾਂ ਪ੍ਰਚਾਰਕ ਦੇ ਕੀ ਕੀ ਗੁਣ ਹਨ ਜਿਨ੍ਹਾਂ ਦਾ ਅਸਰ ਸਰੋਤਿਆਂ 'ਤੇ ਹੋਵੇ ਤਾਂ ਆਪ ਨੇ ਉੱਤਰ ਦਿੱਤਾ ਕਿ ਉਹਨਾਂ ਨੂੰ ਚੌਦਾਂ ਗੁਣਾਂ ਦੇ ਧਾਰਨੀ ਹੋਣਾ ਚਾਹੀਦਾ ਹੈ। 1–ਵਾਗਮੀ 2– ਵਿਆਸ 3–ਸਮਸਵਿਤ 4–ਪ੍ਰਸਥਾਵ 5–ਸਤਿਵਾਕ 6–ਸੰਦੇਹਛਿਦ੍ਰ 7–ਅਸੇਖੀ ਸ਼ਾਸਤ੍ਰ ਕੁਸਲੋ 8–ਨਖਿਆਤ ਵਿਖੇਪਕਤਿ 9–ਅਵਿੰਗੋ 10–ਜਨਰੰਜਕੋ 11–ਜਿਤਸਭੋ 12–ਨਾ ਹਿੰਕ੍ਰਤੋ 13–ਧਾਰਮਿਕ 14–ਸੰਤੋਖ ਚਤਰ ਦਸ ਗੁਣਾ ਉਤਮ ਵਕਤਾ ਪ੍ਰਾਣੀ।

ਲੌ ਹੁਣ ਪਰਖੀਏ ਕਿ ਭਾਈ ਸਮੁੰਦ ਸਿੰਘ ਜੀ ਵਿਚ ਇਹਨਾਂ ਵਿੱਚੋਂ ਕਿਹੜੇ ਕਿਹੜੇ ਗੁਣ ਸਨ। ਸੱਭ ਤੋਂ ਪਹਿਲੇ ਵਾਗਮੀ ਗੁਣ ਜਿਸਦਾ ਸੰਬੰਧ ਬਾਣੀ ਸ਼ੁੱਧ ਸਮਝਣ ਨਾਲ ਹੈ। ਜਿਤਨੇ ਸ੍ਰੋਤੇ ਹੋਵਹਿ ਤੈਸੀ ਹੀ ਧੁਨਿ ਕਰੇ ਭਾਵ ਗੁਰਬਾਣੀ ਨੂੰ ਉਸਨੇ ਚੰਗੀ ਤਰ੍ਹਾਂ ਹਿਰਦੇ ਦ੍ਰਿੜ੍ਹ ਕੀਤਾ ਹੋਏ। ਤੁੱਕ ਦੇ ਰਹਾਉ ਭਾਵ ਤੋਂ ਚੰਗੀ ਤਰ੍ਹਾਂ ਜਾਣੂੰ ਹੋਵੇ। ਭਾਈ ਸਾਹਿਬ ਚੂੰਕਿ ਬਾਣੀ ਦੇ ਆਸ਼ਕ ਸਨ, ਉਹ ਆਪ ਗੁਣੀ ਗਿਆਨੀਆਂ ਦੇ ਗ੍ਰੰਥਾਂ ਨੂੰ ਪੜ੍ਹਦੇ, ਸੁਣਦੇ ਤੇ ਹਿਰਦੇ ਵਿਚ ਧਾਰਦੇ ਸਨ, ਸੋ ਇਹ ਗੁਣ ਉਹਨਾਂ ਵਿਚ ਪ੍ਰਮੁੱਖ ਰੂਪ ਵਿਚ ਸੀ।

ਦੂਜੇ ਵਿਆਸ ਵਾਂਗ ਹੋਵੇ। ਜੋ ਕੁਝ ਦਸੇ ਅਜੇਹੀ ਮਿਠਾਸ ਵਿਚ ਕਹੇ ਕਿ ਸਭ ਨੂੰ ਚੰਗਾ ਲਗੇ। ਸ਼ੁੱਧਤਾ, ਸਪਸ਼ਟਤਾ ਤੇ ਮਧੁਰਤਾ ਆਪ ਦੇ ਵਿਸ਼ੇਸ਼ ਗੁਣ ਸਨ ਜੋ ਸ੍ਰੋਤਿਆਂ'ਤੇ ਸਹਿਜ ਹੀ ਪ੍ਰਭਾਵ ਪਾ ਜਾਂਦੇ ਸਨ। ਸੂਝ ਤੇ ਸਮਝ ਵਾਲੇ ਸ੍ਰੋਤਾ ਗਣ ਆਪ ਨੂੰ ਸੁਣਕੇ ਦ੍ਰਵ ਜਾਂਦੇ, ਸਿਧੜ ਹੁੰਦੇ ਤਾਂ ਅਸ਼ ਅਸ਼ ਕਰਨੋ ਨਾ ਰਹਿੰਦੇ। ਆਪ ਬਹੁਤਾ ਨਿਰੋਲ ਬਾਣੀ ਗਾਉਣ'ਤੇ ਜ਼ੋਰ ਦਿੰਦੇ ਤਾਂ ਕਿ ਘੜੀ ਪਲ ਲਈ ਸੁਰਤ ਸ਼ਬਦ ਨਾਲੋਂ ਨਾ ਟੁੱਟੇ। ਤੀਜੇ ਸਮਸਵਿਤ ਰੁਚੀ ਪ੍ਰਧਾਨ ਹੋਵੇ। ਵਿਚਾਰ ਨੂੰ ਲੰਬਾ ਤੇ ਸੰਕੋਚਣ ਦਾ ਢੰਗ ਉਸਨੂੰ ਆਉਂਦਾ ਹੋਵੇ। ਇਹ ਆਪਦੀ ਗਾਇਕੀ ਦੀ ਪ੍ਰਸਿੱਧਤਾ ਸੀ ਕਿ ਸਮੇਂ ਅਨੁਸਾਰ ਉਦਾਹਰਣਾਂ ਗੁਰਬਾਣੀ ਵਿਚੋਂ ਦੇਣੀਆਂ ਤਾਂਕਿ ਸਪਸ਼ਟਤਾ ਵਧਦੀ ਜਾਵੇ ਤੇ ਫਿਰ ਅੰਤਰੇ ਨਾਲ ਜੋੜ ਉਸਦੀ ਰੌਚਕਤਾ ਵਧਾ ਦੇਣੀ। ਜੇ ਸਮਾਂ ਘੱਟ ਹੋਵੇ ਤਾਂ ਸਮੁੰਦਰ ਗੁਰੂ ਗ੍ਰੰਥ ਸਾਹਿਬ ਵਿਚੋਂ ਐਸੇ ਚੋਣਵੇਂ ਤੇ ਛੋਟੇ ਸ਼ਬਦ ਸ੍ਰੋਤਿਆਂ ਨੂੰ ਸੁਣਾਉਣੇ ਕਿ ਸਭ ਮੰਤਰ ਮੁਗਧ ਹੋ ਉਠਣ। ਇਕ ਵਾਰੀ ਅਮਰੀਕਾ ਦੇ ਪ੍ਰਧਾਨ ਵਿਲਸਨ ਕੋਲੋਂ ਕਿਸੇ ਪੁਛਿਆ ਕਿ ਤੁਸੀਂ ਦਸ ਮਿੰਟ ਬੋਲਣਾ ਹੋਵੇ ਤਾਂ ਕਿਤਨੀ ਤਿਆਰੀ ਕਰਦੇ ਹੋ ? ਉਹਨਾਂ ਕਿਹਾ ਇਕ ਹਫਤਾ। ਜੇ ਤੁਸੀਂ ਅੱਧਾ ਘੰਟਾ ਬੋਲਣਾ ਹੋਵੇ, ਤਾਂ ਪ੍ਰਧਾਨ ਨੇ ਕਿਹਾ 2 ਦਿਨ। ਤੇ ਜੇ 2 ਘੰਟੇ ਬੋਲਣਾ ਹੋਵੇ ਤਾਂ ਫਿਰ ਵਿਲਸਨ ਨੇ ਕਿਹਾ ਕਿ 2 ਘੰਟੇ ਤਕਰੀਰ ਭਾਵੇਂ ਹੁਣੇ ਕਰਵਾ ਲਵੋ। ਉਹਨਾਂ ਦਾ ਕਹਿਣਾ ਬਿਲਕੁਲ ਠੀਕ ਸੀ ਕਿ ਬਹੁਤ ਕਠਿਨ ਹੈ ਸਮੇਂ ਅਨੁਸਾਰ ਸ਼ਬਦ ਨੂੰ ਬੰਨ੍ਹਣਾ। ਪਰ ਆਪ ਰੇਡੀਉ ਸਟੇਸ਼ਨਾਂ 'ਤੇ

ਗਾਉਣ ਲਈ ਸਮੇਂ ਦੀ ਬੰਦਸ਼ ਦਾ ਇਤਨਾ ਧਿਆਨ ਰਖਦੇ ਸਨ ਕਿ ਜੇ 5 ਸ਼ਬਦਾਂ ਦੀ ਮੰਗ ਹੋਵੇ ਤੇ ਟਾਈਮ 15 ਮਿੰਟ ਹੋਵੇ ਤਾਂ ਆਪ ਦੇ ਸ਼ਬਦ ਵਿਚ ਭਾਵੇਂ ਉਚਾਰਣ ਤੇ ਅਲਾਪ ਵੀ ਹੋਵੇ 5 ਮਿੰਟ ਤੋਂ ਵੱਧ ਨਾ ਹੁੰਦਾ। ਸਿੱਖਾਂ ਤੋਂ ਇਲਾਵਾ ਬਾਕੀ ਜਾਤੀਆਂ ਭੀ ਆਪ ਦੀ ਕਲਾ ਦੀਆਂ ਰਿਣੀ ਸਨ। ਸਾਜ਼ ਵਜਾਣ ਵਾਲੇ ਕਹਿੰਦੇ ਸਨ ਕਿ ਵਜਾਣ ਲਗਿਆਂ ਸਾਡੇ ਸਾਜ਼ਾਂ ਵਿਚ ਭੀ ਆਨੰਦ ਭਰ ਜਾਂਦਾ ਹੈ, ਫਿਰ ਸੋਚੋ ! ਵਜਾਣ ਵਾਲਿਆਂ ਦੇ ਹੱਥਾਂ ਨੂੰ ਕੀ ਪ੍ਰਤੀਤ ਹੁੰਦਾ ਹੋਵੇਗਾ।

ਭਾਈ ਸਾਹਿਬ ਦੀ ਗਇਕੀ ਦਾ ਇਕ ਖਾਸ ਗੁਣ ਇਹ ਸੀ ਕਿ ਸ਼ੋਕ ਸਮਾਂ ਹੋਵੇ ਤਾਂ ਐਸਾ ਸ਼ਬਦ ਚੁਣ ਕੇ ਐਸੀ ਧਾਰਨਾ ਰਾਹੀਂ ਗਾਉਂਦੇ ਕਿ ਵਿਛੜੀ ਹੋਈ ਆਤਮਾ ਨੂੰ ਭੀ ਪ੍ਰਭੂ ਗੋਦ ਨਸੀਬ ਹੋਵੇ। ਇਕ ਵਾਰੀ ਆਪ ਜੀ ਦੀ ਇਕ ਚਚੇਰੀ ਭੈਣ ਚਲਾਣਾ ਕਰ ਗਈ ਤਾਂ ਆਪ ਨੇ ਜਦੋਂ ਕਿ ਗੁਰਦੁਆਰਾ ਸੰਗਤ ਨਾਲ ਭਰਪੂਰ ਸੀ *'ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣ'* ਨੂੰ ਐਸੀ ਲੈਅ ਵਿਚ ਪੜ੍ਹਿਆ ਕਿ ਸਰੋਤੇ ਰੋ ਰੋ ਕੇ ਬੇਹਾਲ ਹੋਏ ਪਰ ਪ੍ਰਭੂ ਗੋਦ ਵਿਚ ਅਰਦਾਸ ਵਿਚ ਜੁੜ ਮੌਤ ਨੂੰ ਸਦੀਵੀ ਮੰਨਣ ਲਗ ਪਏ ਤੇ ਭਾਣੇ ਵਿਚ ਮਿਠਾਸ ਭਰ ਗਈ।

ਪੰਜਵਾਂ ਗੁਣ ਹੈ ਸਤਿਵਾਕ ਹੋਣਾ। ਅਗੇ ਵੀ ਕਿਹਾ ਸੀ ਕਿ ਆਪ ਕਥਨੀ ਤੇ ਕਰਨੀ ਦੇ ਸੂਰੇ ਸਨ। ਕੋਈ ਗੱਲ ਗ਼ਲਤ ਨਾ ਆਖਦੇ। ਆਪ ਨੇ ਬਾਣੀ ਮੁਤਾਬਕ ਆਪਣੇ ਜੀਵਨ ਨੂੰ ਉਚਿਆਇਆ ਹੋਇਆ ਸੀ।

ਛੇਵਾਂ ਗੁਣ ਹੈ 'ਸੰਦੇਹ ਛਿਦ੍'। ਇਕ ਚੰਗੇ ਗਾਇਕ ਕੋਲ ਇਹ ਗੁਣ ਵੀ ਹੋਣਾ ਬਹੁਤ ਜ਼ਰੂਰੀ ਹੈ ਕਿ ਜੇ ਕੋਈ ਉਸ ਕੋਲੋਂ ਕਿਸੇ ਸ਼ਬਦ ਦਾ ਅਰਥ ਪੁੱਛੇ ਤਾਂ ਉਹ ਸਹੀ ਤਰੀਕੇ ਨਾਲ ਸੰਸਾ ਨਿਵਿਰਤ ਕਰ ਦੇਵੇ। ਸਰੋਤਿਆਂ ਦੇ ਮਨਾਂ ਵਿਚ ਉੱਠ ਰਹੀਆਂ ਤਰੰਗਾਂ ਨੂੰ ਸ਼ਾਂਤ ਕਰੇ। ਵਿਰੋਧੀ ਜੋ ਟਪਲੇ ਪਾਉਂਦੇ ਹਨ ਉਹਨਾਂ ਨੂੰ ਗਿਆਨ ਦੀ ਹਨੇਰੀ ਚਲਾ ਕੇ ਉਡਾਏ। ਨਿਤ ਵਾਪਰਦੇ ਮਸਲੇ – ਕੜਾ ਕਿਉਂ ਜ਼ਰੂਰੀ ਹੈ ? ਅੰਮ੍ਰਿਤ ਵੇਲੇ ਸਚ ਨਾਉਂ ਕਿਉਂ ਤੇ ਕਿਵੇਂ ਕਰਨਾ ਹੈ ? ਸਿਮਰਨ ਵਾਲੇ ਦੀ ਅਵਸਥਾ ਕੀ ਹੁੰਦੀ ਹੈ? ਆਦਿ ਫੁਰਨਿਆਂ ਦਾ ਭਲੀ ਪ੍ਰਕਾਰ ਉੱਤਰ ਦੇ ਕੇ ਮੂਲ ਸੰਕਲਪ ਦ੍ਰਿੜ ਕਰਾਏ। ਇਹ ਤਾਂ ਹੀ ਹੋ ਸਕਦਾ ਹੈ ਜੇ ਉਹ ਆਪ ਪੂਰਨ ਗੁਰਸਿੱਖ ਹੋਵੇ, ਇਸ ਲਈ ਅਸੀਂ ਉਹਨਾਂ ਨੂੰ ਗੁਰਮੁਖ ਜੀਵਨ ਦੇ ਧਾਰਨੀ ਕਹਿੰਦੇ ਹਾਂ। ਆਪ ਅੰਮ੍ਰਿਤ ਵੇਲੇ ਦੇ ਨਾਮ ਤੇ ਇਸ਼ਨਾਨ ਨੂੰ ਕਦੇ ਨਾ ਖੁੰਝਾਉਂਦੇ।

ਸਤਵਾਂ ਗੁਣ ਹੈ ਵਕਤ ਅਨੁਸਾਰ ਜਨਮ। ਦੁੱਖ, ਸੋਗ ਤੇ ਵੈਰਾਗ ਸਭ ਰਾਗਾਂ ਤੇ ਮੌਕਿਆਂ ਅਨੁਸਾਰ ਗੁਰੂ ਸਾਹਿਬ ਨੇ ਬਾਣੀ ਰਚੀ ਹੈ ਸੋ ਅਸੇਖੰਗ ਸ਼ਸਤਰ ਗਿਆਤਾ

ਹੋਣਾ ਇਕ ਗਵੱਈਏ ਦਾ ਪਰਮ ਧਰਮ ਹੈ। ਭਾਈ ਸਾਹਿਬ ਇਸ ਤੋਂ ਚੰਗੀ ਤਰ੍ਹਾਂ ਜਾਣੂੰ ਸਨ ਤੇ ਸਮੇਂ ਨੂੰ ਸਫਲ ਕਰਨਾ ਆਪ ਦੀ ਕਲਾ ਦਾ ਹਿੱਸਾ ਬਣ ਚੁੱਕਾ ਸੀ।

ਆਪ ਕੇਵਲ ਗੁਰਮਤਿ ਦ੍ਰਿੜ੍ਹਾਉਂਦੇ, ਨਿਰੋਲ ਗੁਰਬਾਣੀ ਕੀਰਤਨ ਕਰਦੇ, ਆਪਣੇ ਨਿਸ਼ਾਨੇ ਤੋਂ ਗੁਰਬਾਣੀ ਦੁਆਰਾ ਸੰਗਤ ਨੂੰ ਗੁਰੂ ਨਾਲ ਜੋੜਨਾ ਹੈ, ਨਾ ਖੁੰਝਦੇ। ਗੁਰੂ ਨਾਨਕ ਦਾ ਜਨਮ ਦਿਨ ਹੈ ਤਾਂ ਕੇਵਲ ਜਨਮ ਦੇ ਸ਼ਬਦਾਂ ਦਾ ਹੀ ਗਾਣਾ ਤੇ ਅਲਾਪ ਕਰਨਾ ਤਾਂ ਕਿ ਹਰ ਕੋਈ ਸ੍ਰੋਤਾ ਗੁਰੂ ਨਾਨਕ ਦੇ ਜਨਮ ਦੀ ਰੂਪ ਰੇਖਾ ਆਪਣੇ ਹਿਰਦੇ 'ਤੇ ਚਿਤ੍ਰ ਸਕੇ। ਨਿਖਿਅਤ ਵਿਖੇਪਕਿਤ ਦੀ ਮਹੱਤਤਾ ਤੋਂ ਅਣਭਿੱਜ ਨਹੀਂ ਸਨ। ਨੌਵੇਂ ਜੀਵਨ ਦੇ ਅਵਿੰਗੇ ਸਨ, ਜੋ ਆਖਣਾ ਉਸਨੂੰ ਕਮਾਉਣਾ ਭੀ ਹੈ। ਗੁਰਸਿੱਖੀ ਕਮਾਉਂਦੇ ਸਨ ਤੇ ਸ਼ਬਦ ਨੂੰ ਜ਼ਿੰਦਗੀ ਵਿਚ ਢਾਲਦੇ ਸਨ। ਸੰਸਾਰ ਪ੍ਰਸਿੱਧ ਅਵਿੰਜਲਿਸਟ ਬਿਲੀ ਗਰਾਹਮ ਨੂੰ ਕਿਸੇ ਪੁਛਿਆ ਸੀ ਕਿ ਉਹ ਲੱਖਾਂ ਵਿਚ ਆਏ ਲੋਕਾਂ ਨੂੰ ਕਿਵੇਂ ਪ੍ਰਭਾਵਿਤ ਕਰ ਲੈਂਦਾ ਹੈ, ਤਾਂ ਉਸ ਦਾ ਉੱਤਰ ਸੀ ਮੈਂ ਰੋਜ਼ ਸਵੇਰੇ ਬਾਈਬਲ ਵਿਚ ਇਸ਼ਨਾਨ ਕਰਕੇ ਬੋਲਦਾ ਹਾਂ। ਇਹੀ ਗੱਲ ਇਨ ਬਿਨ ਭਾਈ ਸਾਹਿਬ 'ਤੇ ਢੁਕਦੀ ਸੀ। ਆਪ ਅੰਮ੍ਰਿਤ ਵੇਲੇ ਇਸ਼ਨਾਨ, ਨਿਤਨੇਮ ਤੇ ਗੁਰਦਰਸ਼ਨ ਕੀਤੇ ਬਿਨਾਂ ਆਪਣਾ ਕੋਈ ਕੰਮ ਨਾ ਕਰਦੇ। ਬਾਹਰ ਜਾਣ ਸਮੇਂ ਘਰੋਂ ਅਰਦਾਸ ਕਰਕੇ ਚਲਦੇ ਤਾਂ ਕਿ ਸਮਰਥ ਗੁਰੂ ਸਦਾ ਸਿਰ 'ਤੇ ਰਹੇ।

ਦਸਵਾਂ ਗੁਣ ਹੈ ਜਨਰੰਜਕ ਹੋਵੇ। ਸਰੀਰ ਦਾ ਸੋਹਣਾ ਸਿਧਾ, ਚਿਹਰਾ ਸੁਣੱਖਾ, ਪੁਸ਼ਾਕ ਨਿਰਮਲ ਤੇ ਸਾਦਾ ਹੋਵੇ। ਮਨ ਕਰਕੇ ਅਤਿ ਸਰਲ ਤੇ ਸਤ ਸੰਤੋਖ ਦੇ ਧਾਰਨੀ ਹੋਣ ਕਰਕੇ ਮਨ ਭੜਕੀਲੀਆਂ ਵਸਤੂਆਂ ਤੋਂ ਸਦਾ ਸੰਕੋਚ ਕਰਦਾ ਸੀ। ਕਈ ਰਾਗੀ ਅਜਕਲ੍ਹ ਮੁੰਦਰੀਆਂ ਨੂੰ ਹੱਥਾਂ 'ਤੇ ਸਜਾਈ ਫਿਰਦੇ ਹਨ। ਪਜਾਮਾ ਤੇ ਨੀਲੀ ਦਸਤਾਰ ਸਾਰੀ ਉਮਰ ਆਪਦੇ ਸੋਹਣੇ ਚਿਹਰੇ ਦਾ ਨਿਖਾਰ ਬਣੀ ਰਹੀ।

ਗਿਆਰਵੇਂ, 'ਜਿਤ ਸਭੋ' ਦੀ ਕਮਾਈ। ਜੋ ਜੋ ਸੁਣਦਾ ਮੁਗਧ ਹੁੰਦਾ ਜਾਂਦਾ। ਇਥੋਂ ਤੱਕ ਕਿ ਜਿਨ੍ਹਾਂ ਹਿੰਦੂ ਮੁਸਲਮਾਨਾਂ ਨੂੰ ਗੁਰਬਾਣੀ ਦੀ ਸਮਝ ਨਹੀਂ ਸੀ, ਉਹ ਵੀ ਧਿਆਨ ਤੇ ਇਕਾਗ੍ਰਤਾ ਸਹਿਤ ਸੁਣਦੇ ਤੇ ਸਿਰ ਢੱਕ ਬਾਣੀ ਦਾ ਸਤਿਕਾਰ ਕਰਦੇ।

ਬਾਰ੍ਹਵਾਂ ਜੋ ਆਪ ਵਿਚ ਵਿਸ਼ੇਸ਼ ਗੁਣ ਸੀ ਨਾ ਹੰਕ੍ਰਿਤੋ। ਕੋਈ ਚੀਜ਼ ਕੋਈ ਸ਼ਬਦ ਹੰਕਾਰ ਦਾ ਨਹੀਂ ਕਹਿਣਾ। ਨਿੰਮ੍ਰਤਾ-ਭਾਵ ਵਿਚ ਹੀ ਵਿਚਰੇ। ਆਪਣਾ ਮਨ ਨੀਵਾਂ ਹੀ ਰਖਿਆ। ਦੁਨੀਆਂ ਦਾ ਮਾਲਕ ਹੋ ਕੇ ਵੀ ਸੰਗਤ ਦੀ ਚਰਨ ਧੂੜ ਦੀ ਲਾਲਸਾ। ਮੁਰਸ਼ਦ ਵਾਂਙੂ *'ਪ੍ਰਣਵਤ ਨਾਨਕ ਦਾਸਨ ਦਾਸਾ।'* 'ਬਦਬਖਤ ਹਮਚੁ ਬਖੀਲ ਗ਼ਾਫਲ ਬੇਨਜ਼ਰ ਬੇਬਾਕ ਨਾਨਕ ਬੁਗੋਯਦ ਜਨ ਤੁਰਾ ਤੇਰੇ ਚਾਕਰਾਂ ਪਾਖਾਕ।' 'ਮੈਂ ਬੰਦਾ

ਬੇਖਰੀਦ ਸਚ ਸਾਹਿਬ ਮੇਰਾ।'

ਤੇਰ੍ਹਵੇਂ, ਆਪ ਪੂਰੇ ਧਾਰਮਿਕ ਵਿਚਾਰਾਂ ਦੇ, ਤੋਲਿ ਬੋਲਿ ਸਚ ਸੂਰਾ, ਇਸ ਕਰਕੇ ਆਪਦਾ ਕਿਹਾ ਹਰ ਕੋਈ ਧਿਆਨ ਨਾਲ ਸੁਣਦਾ ਤੇ ਉਸ 'ਤੇ ਚਲਣ ਦਾ ਯਤਨ ਕਰਦਾ। ਕਈ ਅਜੇ ਵੀ ਐਸੇ ਵਿਅਕਤੀ ਹਨ ਜਿਨ੍ਹਾਂ ਨੇ ਆਪ ਨੂੰ ਨੇੜੇ ਹੋ ਕੇ ਗਹੁ ਨਾਲ ਵਰਤਦੇ ਦੇਖਿਆ ਧਨ ਧਨ ਹੋ ਗਏ। ਆਮਲ ਬਾ ਅਮਲ ਹੋਣਾ ਹੀ ਅਸਲੀ ਕਮਾਈ ਹੈ। ਆਪ ਨੇ ਸਾਰੀ ਉਮਰ ਆਪ ਜਪਿਆ ਤੇ ਹੋਰਨਾਂ ਤੋਂ ਜਪਾਇਆ।

ਸਾਰਾ ਜੀਵਨ ਆਪ ਨੇ ਸੰਤਾਂ ਦੀ ਸੰਗਤ ਕੀਤੀ ਅਤੇ ਉਹਨਾਂ ਦੀਆਂ ਬਖ਼ਸ਼ਸ਼ਾਂ ਦੇ ਪਾਤਰ ਬਣੇ। ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ, ਸੰਤ ਸ਼ਾਮ ਸਿੰਘ ਜੀ ਅਟਾਰੀ ਵਾਲੇ, ਸੰਤ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲੇ, ਸੰਤ ਈਸ਼ਰ ਸਿੰਘ ਜੀ ਰਾੜੇਵਾਲੇ, ਸੰਤ ਨੰਦ ਸਿੰਘ ਜੀ ਜਗਰਾਉਂ ਵਾਲੇ, ਸੰਤ ਨਿਹਚਲ ਸਿੰਘ ਜੀ ਯਮੁਨਾ ਨਗਰ ਵਾਲੇ ਅਤੇ ਹੋਰ ਕਈ ਉਹਨਾਂ ਦੇ ਸਮਕਾਲੀ ਆਪਣੇ ਕੀਰਤਨ ਦਰਬਾਰਾਂ ਦੇ ਸਮਾਗਮਾਂ ਵਿਚ ਆਪ ਨੂੰ ਬੁਲਾ ਕੇ ਆਪ ਕੋਲੋਂ ਕੀਰਤਨ ਸੁਣਦੇ ਅਤੇ ਸੰਗਤਾਂ ਨੂੰ ਸੁਣਵਾਂਦੇ। ਸੰਗਤਾਂ ਗਦ ਗਦ ਹੋ ਕੇ ਆਪ ਦੇ ਚਰਣਾਂ ਦੀ ਛੋਹ ਪ੍ਰਾਪਤ ਕਰਦੀਆਂ। *ਧੰਨੁ ਧੰਨੁ ਧੰਨੁ ਜਨੁ ਆਇਆ।। ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ।।*

ਮਹਾਰਾਜਾ ਪਟਿਆਲਾ ਆਪ ਨੂੰ ਆਪਣੀ ਰਿਆਸਤ ਵਿਚ ਲਿਜਾ ਸ਼ਾਹੀ ਰਾਗੀ ਬਨਾਣਾ ਚਾਹੁੰਦੇ ਸਨ ਪਰ ਭਗਤ ਕਿਸੇ ਬੰਧਨ ਵਿਚ ਨਹੀਂ ਪੈਣਾ ਚਾਹੁੰਦੇ। ਆਪ ਭਾਓ ਭਗਤ ਦੇ ਹੀ ਭੁੱਖੇ ਸਨ। ਆਪ ਆਜ਼ਾਦ ਰਹਿ ਕੇ ਜਿਥੇ ਜਿਥੇ ਆਪ ਦੇ ਸਰੋਤੇ ਚਾਹੁੰਦੇ, ਆਪ ਉਥੇ ਉਥੇ ਪਹੁੰਚਦੇ। ਆਪ ਰਸਲੀਨ ਹੁੰਦੇ ਤੇ ਉਹਨਾਂ ਨੂੰ ਕਰਦੇ।

ਆਪ ਦੇ ਸਪੁੱਤਰ ਸ: ਹਰਿਭਜਨ ਸਿੰਘ ਜੋ ਮਕੈਨੀਕਲ ਇੰਜੀਨੀਅਰ ਹਨ, ਅੱਜ ਵੀ ਆਪਣੀ ਪਿਤ੍ਰ ਭਗਤੀ ਵਿਚ ਲਬਰੇਜ਼ ਅਮਰੀਕਾ ਵਿਚ ਸ਼ਬਦ ਕੀਰਤਨ ਕਰਦੇ ਹਨ ਜਿਸ ਵਿਚ ਆਪ ਦੇ ਗਾਏ ਹੋਏ ਸ਼ਬਦਾਂ ਨੂੰ ਵੀ ਆਪਣੀ ਆਵਾਜ਼ ਵਿਚ ਗਾਉਂਦੇ ਹਨ। ਇਹ ਉਹਨਾਂ ਦੀ ਅਸਲੀ ਕਮਾਈ ਹੈ ਜੋ ਉਹ ਆਪਣੇ ਬੱਚਿਆਂ ਵਿਚ ਭੀ ਫੂਕ ਮਾਰ ਗਏ ਤੇ ਉਹਨਾਂ ਦਾ ਪ੍ਰਵਾਰ ਬਾਣੀ ਵਿਚ ਪੂਰੀ ਸ਼ਰਧਾ ਰੱਖਦਾ ਹੈ ਤੇ ਆਏ ਗਏ ਦੀ ਸੇਵਾ ਕਰ ਸਿਮਰਨ ਵਲ ਪ੍ਰੇਰ ਆਪਣੇ ਆਪ ਨੂੰ ਧੰਨਤਾ ਦਾ ਪਾਤਰ ਸਮਝਦਾ ਹੈ।

ਸੰਗੀਤ ਕਲਾ ਦੇ ਆਪ ਜਾਦੂਗਰ ਸਨ। ਇਸੇ ਲਈ ਪੰਜਾਬ ਸਰਕਾਰ ਨੇ ਆਪ ਨੂੰ ਦੋ ਵਾਰ ਭਾਈ ਮਰਦਾਨਾ ਐਵਾਰਡ ਦੇ ਕੇ ਸਨਮਾਨਿਆ। ਵਿਦਿਅਕ ਤੇ ਦੂਸਰੀਆਂ

ਕਾਨਫਰੰਸਾਂ ਵਿਚ ਅਤੇ ਕੀਰਤਨ ਦਰਬਾਰਾਂ ਵਿਚ ਅਵਲ ਦਰਜੇ ਦੇ ਗਵੱਈਏ ਕਹਿ ਕੇ ਕਈ ਐਵਾਰਡ ਦਿੱਤੇ।

ਭਾਈ ਸਾਹਿਬ ਦੀ ਰਸੀਲੀ ਤੇ ਮਧੁਰ ਆਵਾਜ਼ ਸਦੀਆਂ ਤਕ ਹਵਾ ਵਿਚ ਗੂੰਜ ਗੁਰੂ ਨਾਨਕ ਦੇ ਸੰਦੇਸ਼ ਨੂੰ ਦੂਰ ਨੇੜੇ ਪਹੁੰਚਾਂਦੀ ਰਹੇਗੀ। ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਭਾਈ ਨੰਦ ਲਾਲ ਜੀ ਦੀਆਂ ਗ਼ਜ਼ਲਾਂ ਵਿਚੋਂ ਟੂਕਾਂ ਦੇ ਕੇ ਆਪ ਸ਼ਬਦ ਗਾਇਣ ਕਰਦੇ ਕਿਸੇ ਅਗੰਮੀ ਆਨੰਦ ਵਿਚ ਪੁੱਜੇ ਜਾਂਦੇ ਸਨ। ਤੰਤੀ ਸਾਜ਼ਾਂ ਨਾਲ ਆਪ ਦਾ ਖ਼ਾਸ ਸਨੇਹ ਸੀ ਅਤੇ ਉਹਨਾਂ 'ਤੇ ਆਪ ਨੂੰ ਮੁਹਾਰਤ ਵੀ ਹਾਸਲ ਸੀ। ਆਪਣੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਦੇ ਵਿਉਂਤੇ ਹੋਏ ਕਮਰੇ ਵਿਚ ਇਹ ਸਜਾਏ ਹੋਏ ਸਨ। ਕਦੀ ਕਦੀ ਪੁਰਾਣੇ ਸਾਜ਼ਾਂ ਨੂੰ ਵੀ ਵਜਾ ਕੇ ਬੜੀ ਪ੍ਰਸੰਨਤਾ ਹਾਸਲ ਕਰਦੇ ਸਨ।

ਆਪ ਬੱਚਿਆਂ ਵਿਚ ਬੱਚੇ, ਨੌਜਵਾਨਾਂ ਵਿਚ ਨੌਜਵਾਨ ਤੇ ਬਜ਼ੁਰਗਾਂ ਵਿਚ ਬਜ਼ੁਰਗ ਬਣ ਸਭ ਦੀ ਖ਼ੁਸ਼ੀ ਹਾਸਲ ਕਰ ਲੈਂਦੇ ਸਨ। ਆਪ ਦਲੇਰ, ਹਸਮੁਖ, ਸਦਾਚਾਰੀ ਤੇ ਖੁਲ੍ਹੇ ਡੁਲ੍ਹੇ ਦਿਲ ਵਾਲੇ ਸਨ। ਸ਼ਸਤਰਾਂ ਨਾਲ ਵੀ ਆਪ ਦਾ ਪਿਆਰ ਸੀ। ਬੰਦੂਕ, ਰੀਵਾਲਵਰ, ਪਸਤੌਲ, ਨੇਜ਼ਾ, ਭਾਲਾ ਤੇ ਸਿਰੀ ਸਾਹਿਬ ਹਮੇਸ਼ਾ ਘਰ ਵਿਚ ਰੱਖਦੇ ਸਨ।

ਆਪ ਕਾਦਰ ਨੂੰ ਕੁਦਰਤ ਵਿਚੋਂ ਲਭਦੇ ਸਨ। ਇਸ ਲਈ ਆਪ ਦਾ ਸ਼ੁਰੂ ਤੋਂ ਹੀ ਫੁੱਲਾਂ, ਫਲਾਂ ਤੇ ਸਬਜ਼ੀਆਂ ਨਾਲ ਪਿਆਰ ਸੀ। ਆਪ ਨੇ ਆਪਣੇ ਨਿਵਾਸ ਅਸਥਾਨ 'ਤੇ ਇਕ ਸੋਹਣਾ ਹਰਾ ਭਰਾ ਬਗ਼ੀਚਾ ਲਗਵਾਇਆ ਹੋਇਆ ਸੀ ਜਿਸ ਨੂੰ ਇਕ ਪੱਕੇ ਮਾਲੀ ਦਵਾਰਾ ਮੌਸਮੀ ਸਬਜ਼ੀਆਂ, ਫਲਾਂ ਤੇ ਫੁੱਲਾਂ ਨਾਲ ਸ਼ਿੰਗਾਰੀ ਰੱਖਦੇ ਸਨ।

ਸ਼ਰੀਰਕ ਕਸ਼ਟ ਆਪ 'ਤੇ ਸਮੇਂ ਸਮੇਂ ਆਉਂਦੇ ਰਹੇ ਪਰ ਗੁਰਬਾਣੀ ਇਸ ਜਗ ਮਹਿ ਚਾਨਣ ਹੋਣ ਕਰਕੇ ਦੁਖ ਸੁਖ ਸਮਾਨ ਹਾਲਤ ਵਿਚ ਵਿਚਰਦੇ ਰਹੇ। ਹਰ ਕੋਈ ਉਹਨਾਂ ਨੂੰ ਆਪਣਾ ਸਮਝਦਾ ਸੀ। ਗ਼ਰੀਬ ਗੁਰਬੇ ਦੀ ਤਨੋਂ ਮਨੋਂ ਤੇ ਧਨੋਂ ਸਹਾਇਤਾ ਕਰਦੇ ਸਨ। ਆਪ ਦੀ ਧਰਮ ਪਤਨੀ ਬੀਬੀ ਦਯਾ ਕੌਰ ਜੀ ਨੇ ਦਾਨ ਪੁੰਨ ਤੇ ਨੇਮ ਵਿਚ ਆਪ ਦਾ ਪੂਰਾ ਪੂਰਾ ਸਾਥ ਦਿੱਤਾ। ਦਾਤੇ ਦੇ ਵਿਧੀ ਵਿਧਾਨ ਮੁਤਾਬਕ ਦਸੰਬਰ 1971 ਵਿਚ ਆਪ ਨੂੰ ਦਿਲ ਦਾ ਦੌਰਾ ਪੈਣ ਕਰਕੇ ਕ੍ਰਿਸਚੀਅਨ ਮੈਡੀਕਲ ਹਸਪਤਾਲ ਲੁਧਿਆਣਾ ਵਿਚ 15 ਦਿਨ ਇਲਾਜ ਕਰ ਸ਼ਰੀਰਕ ਤੌਰ 'ਤੇ ਸੰਸਾਰ ਤੋਂ 5 ਜਨਵਰੀ 1972 ਨੂੰ ਆਪ ਸਦਾ ਲਈ ਅਲਵਿਦਾ ਕਹਿ ਗਏ।

*" ਅਮਰ ਭਏ ਅਮਰਾ ਪਦ ਪਾਇਆ।।*

*ਸਾਧ ਸੰਗਿ ਨਾਨਕ ਹਰਿ ਧਿਆਇਆ।। "*

*"ਸੋ ਢਾਢੀ ਧੰਨ ਧੰਨੁ ਜਿਸੁ ਲੋੜੇ ਨਿਰੰਕਾਰ।।*

*ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ ਬਾਰੁ।। "*

ਅੰਤ ਵੇਲੇ ਵੀ ਆਪ ਨੇ ਆਪਣੇ ਸਾਥੀ ਭਾਈ ਤੇਜਾ ਸਿੰਘ ਕੋਲੋਂ ਹਾਰਮੋਨੀਅਮ ਤੇ ਇਹ ਸ਼ਬਦ ਕਹਿ ਕੇ ਸੁਣਿਆ :-

*'ਹਰਿ ਹਰਿ ਨਾਮ ਜਪੰਤਿਆ ਕਛੁ ਨਾ ਕਹੈ ਜਮਕਾਲੁ।।*
*ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੁਪਾਲ।।*

❑

# ਅਨੋਖੀ ਸ਼ਖ਼ਸੀਅਤ

*-ਗਿਆਨੀ ਚੇਤ ਸਿੰਘ*
*ਸਾਬਕਾ ਹੈੱਡ ਗ੍ਰੰਥੀ-ਦਰਬਾਰ ਸਾਹਿਬ,*
*ਸ੍ਰੀ ਅੰਮ੍ਰਿਤਸਰ*

ਰੱਬੀ ਬਾਣੀ ਦਾ ਕੀਰਤਨ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਇਆ। ਆਪ ਜੀ ਨੇ ਅਵਤਾਰ ਧਾਰ ਕੇ ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਸਤੇ ਪਾਉਣ ਲਈ ਰੱਬੀ ਬਾਣੀ ਦੇ ਕੀਰਤਨ ਨੂੰ ਹੀ ਆਧਾਰ ਬਣਾਇਆ। ਭਾਈ ਮਰਦਾਨੇ ਨੂੰ ਨਾਲ ਲਿਆ, ਜੋ ਰਬਾਬ ਵਜਾਉਂਦਾ ਸੀ। ਜਦੋਂ ਅਕਾਲ ਪੁਰਖ ਨਾਲ ਇਕ ਸੁਰ ਹੋ ਕੇ ਜੁੜਦੇ, ਉਦੋਂ ਅਕਾਲ ਪੁਰਖ ਵਲੋਂ ਬਾਣੀ ਉਤਰਦੀ ਅਤੇ ਸਤਿਗੁਰੂ ਜੀ ਮਰਦਾਨੇ ਨੂੰ ਕਹਿੰਦੇ "ਮਰਦਾਨਿਆ, ਛੇੜ ਰਬਾਬ, ਬਾਣੀ ਆਈ ਹੈ"। ਮਰਦਾਨਾ ਰਬਾਬ ਛੇੜਦਾ ਅਤੇ ਸਤਿਗੁਰੂ ਜੀ ਉਹ ਬਾਣੀ ਆਪਣੀ ਰਸਨਾ ਤੋਂ ਗਾਇਨ ਕਰਦੇ ਅਤੇ ਬਾਣੀ ਜਿਸ ਸਮੇਂ ਵਿਚ ਆਵੇ ਤੇ ਜਿਸ ਰਾਗ ਦਾ ਸਮਾਂ ਹੋਵੇ ਉਸੇ ਸਮੇਂ ਅਨੁਸਾਰ ਉਸੇ ਰਾਗ ਵਿਚ ਬਾਣੀ ਗਾਇਨ ਕਰਦੇ ਅਤੇ ਇਹ ਧੁਰੋਂ ਆਈ ਬਾਣੀ ਆਪਣੇ ਪਾਸ ਰੱਖ ਲੈਂਦੇ। ਉਹ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਣ ਜੀ ਪਾਸੋਂ ਸੈਂਚੀਆਂ ਦੇ ਸਰੂਪ ਵਿਚ ਬੜੀ ਸ਼ਰਧਾ ਤੇ ਭਾਵਨਾ ਨਾਲ ਪ੍ਰਾਪਤ ਕੀਤੀ ਅਤੇ ਉਹਨਾਂ ਨੇ ਸਿੱਖ ਜਗਤ ਉਪਰ ਬਹੁਤ ਵੱਡਾ ਪਰਉਪਕਾਰ ਕੀਤਾ ਜੋ ਆਪਣੀ ਬਾਣੀ ਸਮੇਤ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਦੀ ਬਾਣੀ ਇਕੱਠੀ ਕਰਕੇ ਜਿਲਦ ਬੰਦੀ ਕਰਵਾ ਦਿੱਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਨ ਸੁੰਦਰ ਸਰੂਪ ਪ੍ਰਗਟ ਕੀਤਾ। ਗ੍ਰੰਥ ਸਾਹਿਬ ਦਾ ਪ੍ਰਕਾਸ਼ ਪਹਿਲੀ ਵੇਰ ਮਹਾਨ ਪਵਿੱਤਰ ਅਸਥਾਨ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਭਾਦੋਂ ਸੁਦੀ ਏਕਮ ਸੰਮਤ 1641 ਨੂੰ ਬੜੇ ਵਾਜਿਆਂ ਗਾਜਿਆਂ ਨਾਲ ਕੀਤਾ ਗਿਆ।

ਗੁਰੂ ਘਰ ਦੇ ਮਹਾਨ ਸਿੱਖ ਗੁਰੂ ਚਰਨਾਂ ਤੋਂ ਵਰੋਸਾਏ ਬਾਬਾ ਬੁੱਢਾ ਸਾਹਿਬ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਲਈ ਮੁੱਖ ਗ੍ਰੰਥੀ ਨਿਯੁਕਤ ਕੀਤਾ ਗਿਆ। ਇਸ ਤਰ੍ਹਾਂ ਸਭ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਸਾਹਿਬ ਜੀ ਹੋਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਰੱਬੀ ਬਾਣੀ ਦੇ ਰਾਗਾਂ ਵਿਚ ਕੀਰਤਨ ਕਰਨ ਦੀ ਮਰਯਾਦਾ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਉਦੋਂ ਤੋਂ ਹੀ

ਪ੍ਰਚਲਿੱਤ ਹੋਈ, ਜਿਥੇ ਬਹੁਤ ਚੋਟੀ ਦੇ ਕੀਰਤਨੀਏ ਸੰਗੀਤ ਦੇ ਗਿਆਤਾ ਕੀਰਤਨ ਕਰਦੇ ਰਹੇ ਹਨ। ਕਦੇ ਸਮਾਂ ਸੀ ਜਦੋਂ ਕਿ ਸ੍ਰੀ ਹਰਿਮੰਦਰ ਸਾਹਿਬ ਸੰਗੀਤ ਦਾ ਗੜ੍ਹ ਸਮਝਿਆ ਜਾਂਦਾ ਸੀ। ਭਾਈ ਸਾਹਿਬ ਭਾਈ ਮਨੀ ਸਿੰਘ ਜੀ, ਸ੍ਰੀ ਹਰਿਮੰਦਰ ਸਾਹਿਬ ਜੀ ਦੇ 35 ਸਾਲ ਮੁਖ ਗ੍ਰੰਥੀ ਰਹੇ। ਉਹਨਾਂ ਨੇ ਉਸੇ ਤਰ੍ਹਾਂ ਹੀ ਇਥੋਂ ਦੀ ਮਰਯਾਦਾ ਨੂੰ ਕਾਇਮ ਰੱਖਿਆ, ਜਿਸ ਤਰ੍ਹਾਂ ਦੀ ਮਰਯਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਵੀ ਉਸੇ ਤਰ੍ਹਾਂ ਕਾਇਮ ਕੀਤਾ ਜਿਸ ਤਰ੍ਹਾਂ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਤਿਕਾਰ ਸੰਗਤਾਂ ਕਰਦੀਆਂ ਸਨ।

'ਆਸਾ ਜੀ ਦੀ ਵਾਰ ਦਾ ਕੀਰਤਨ' ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਦਸਮੇਸ਼ ਪਿਤਾ ਜੀ ਤੱਕ ਰਬਾਬੀ ਹੀ ਬਹੁਤਾ ਸਮਾਂ ਕਰਦੇ ਰਹੇ ਹਨ। ਸਿੱਖ ਰਾਗੀਆਂ ਨੂੰ ਕੀਰਤਨ ਦੀ ਦਾਤ ਉਦੋਂ ਪ੍ਰਾਪਤ ਹੋਈ ਜਦੋਂ 'ਸਤਾ ਬਲਵੰਡ'ਨੇ ਕੀਰਤਨ ਕਰਨ ਤੋਂ ਇਨਕਾਰ ਕਰ ਦਿੱਤਾ। ਉਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸੁਹਿਰਦ ਸਿੱਖਾਂ ਨੂੰ ਸਾਰੰਦੇ ਆਦਿ ਸਾਜ਼ ਫੜਾ ਕੇ ਆਪ ਉਨ੍ਹਾਂ ਪਾਸੋਂ ਕੀਰਤਨ ਕਰਵਾਇਆ ਅਤੇ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਚ ਉਦੋਂ ਤੋਂ ਸਿੱਖ ਰਾਗੀ ਹੀ ਕੀਰਤਨ ਕਰਦੇ ਆ ਰਹੇ ਹਨ।

ਸਿੱਖ ਪੰਥ ਵਿਚ ਚੋਟੀ ਦੇ ਸੰਗੀਤ ਗਿਆਤਾ ਰੱਬੀ ਬਾਣੀ ਦਾ ਰਾਗਾਂ ਵਿਚ ਕੀਰਤਨ ਕਰਨ ਵਾਲੇ ਬਹੁਤ ਹੋਏ ਹਨ, ਜਿਨ੍ਹਾਂ ਵਿਚੋਂ ਕਈਆਂ ਦੇ ਦਾਸ ਨੇ ਦਰਸ਼ਨ ਵੀ ਕੀਤੇ ਹਨ ਅਤੇ ਉਨ੍ਹਾਂ ਦੀ ਰਸਨਾ ਤੋਂ ਰੱਬੀ ਬਾਣੀ ਦਾ ਕੀਰਤਨ ਸੁਨਣ ਦਾ ਭੀ ਸੁਭਾਗ ਦਾਸ ਨੂੰ ਪ੍ਰਾਪਤ ਹੋਇਆ। ਭਾਈ ਦੱਲ ਸਿੰਘ ਜੀ ਲਸਾੜੇ ਵਾਲੇ, ਭਾਈ ਸ਼ੇਰ ਸਿੰਘ ਜੀ ਗੁਜਰਾਂਵਾਲੀਏ, ਭਾਈ ਮੱਖਣ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ, ਭਾਈ ਜਵਾਹਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਸੰਤਾ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਤੇ ਭਾਈ ਜਵਾਲਾ ਸਿੰਘ ਜੀ ਅਤੇ ਪੰਥ ਦੇ ਮਹਾਨ ਕੀਰਤਨੀਏ, ਜਿਨ੍ਹਾਂ ਦੀ ਬਰਸੀ ਅਸੀਂ ਮਨਾ ਰਹੇ ਹਾਂ, ਉਹ ਸਨ, 'ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ' ਹਜ਼ੂਰੀ ਰਾਗੀ ਸ੍ਰੀ ਨਨਕਾਣਾ ਸਾਹਿਬ। ਆਪ ਜੀ ਨੇ ਪਿਤਾ ਭਾਈ ਹਜ਼ੂਰਾ ਸਿੰਘ ਜੀ ਦੇ ਗ੍ਰਿਹ ਅਤੇ ਮਾਤਾ ਕਰਮ ਕੌਰ ਜੀ ਦੀ ਕੁੱਖੋਂ ਪਿੰਡ ਮੁੱਲਾਂ ਹਮਜ਼ਾਂ, ਜ਼ਿਲ੍ਹਾ ਮਿੰਟਗੁਮਰੀ ਵਿਖੇ ਜਨਮ ਲਿਆ। ਮਾਤਾ ਪਿਤਾ ਨੇ ਆਪਦੇ ਜਨਮ ਦੀਆਂ ਬਹੁਤ.ਖੁਸ਼ੀਆਂ ਮਨਾਈਆਂ। ਬਚਪਨ ਵਿਚ ਹੀ ਆਪ ਜੀ ਨੇ ਗੁਰਮੁਖੀ ਵਿਦਿਆ ਪ੍ਰਾਪਤ ਕੀਤੀ। ਗੁਰਬਾਣੀ ਦਾ ਪਾਠ ਪਿਤਾ ਜੀ ਦੀ ਸਿੱਖਿਆ ਅਨੁਸਾਰ ਕਰਨਾ ਸ਼ੁਰੂ ਕੀਤਾ ਅਤੇ ਗੁਰਬਾਣੀ ਦੇ ਕੁਝ ਸ਼ਬਦ ਵੀ ਯਾਦ ਕਰ ਲਏ। ਪੰਥਕ

ਸਮਾਗਮਾਂ ਵਿਚ ਬਚਪਨ ਤੋਂ ਹੀ ਸ਼ਬਦ ਪੜ੍ਹਨ ਲਗ ਪਏ।

ਆਪ ਜੀ ਦੀ ਰੁੱਚੀ ਰਾਗ ਵਿਦਿਆ ਸਿੱਖਣ ਲਈ ਜਾਗੀ। ਚੰਗੇ ਚੰਗੇ ਸੰਗੀਤਕਾਰਾਂ ਪਾਸੋਂ ਰਾਗ ਅਤੇ ਚੰਗੇ ਕੀਰਤਨੀਆਂ ਪਾਸੋਂ ਕੀਰਤਨ ਦੀ ਦਾਤ ਪ੍ਰਾਪਤ ਕੀਤੀ। ਭਾਈ ਸਾਹਿਬ ਦਾ ਗੋਰਾ ਰੰਗ, ਸੁਨੱਖੀਆਂ ਅੱਖਾਂ, ਸੋਹਣਾ ਦਾਹੜਾ ਅਤੇ ਕੁਦਰਤ ਨੇ ਆਪ ਜੀ ਦੇ ਸਰੀਰ ਦੀ ਜਿਸ ਤਰ੍ਹਾਂ ਅਜੀਬ ਘਾੜਤ ਘੜੀ ਸੀ ਉਸੇ ਤਰ੍ਹਾਂ ਦੀ ਹੀ ਅਕਾਲ ਪੁਰਖ ਨੇ ਉਨ੍ਹਾਂ ਨੂੰ ਬਹੁਤ ਰਸੀਲੇ ਗਲੇ ਦੀ ਦਾਤ ਵੀ ਬਖ਼ਸ਼ੀ ਸੀ। ਕੀਰਤਨ ਕਰਦਿਆਂ ਜਦੋਂ ਆਪ ਤਾਨ ਮਾਰਦੇ ਸਨ, ਉਦੋਂ ਆਪ ਜੀ ਦਾ ਗਲਾ ਇਸ ਤਰ੍ਹਾਂ ਹਰਕਤ ਕਰਦਾ ਜਿਸ ਤਰ੍ਹਾਂ ਗਰਾਰੀ ਚਲਦੀ ਹੋਵੇ। ਬਚਪਨ ਤੋਂ ਹੀ ਆਪ ਕੀਰਤਨ ਕਰਨ ਲਗ ਪਏ ਸਨ। ਇਸ ਲਈ ਉਨ੍ਹਾਂ ਨੂੰ ਬਹੁਤ ਸਮੇਂ ਤਕ 'ਕਾਕਾ ਸਮੁੰਦ ਸਿੰਘ' ਦੇ ਨਾਮ ਨਾਲ ਹੀ ਬੁਲਾਇਆ ਜਾਂਦਾ ਰਿਹਾ। ਇਸ ਤਰ੍ਹਾਂ ਜਦੋਂ ਉਹ ਕਿਸੇ ਰਾਗ ਵਿਚ ਵੀ ਕੀਰਤਨ ਕਰਦੇ, ਸੰਗਤ ਨੂੰ ਬੰਨ੍ਹ ਕੇ ਬਿਠਾ ਲੈਂਦੇ ਸਨ। ਸੰਗਤਾਂ ਝੂਮ ਉਠਦੀਆਂ ਤੇ ਗਦ ਗਦ ਹੋ ਜਾਂਦੀਆਂ ਸਨ।

ਭਾਵੇਂ ਭਾਈ ਸਾਹਿਬ ਕਈ ਰਾਗਾਂ ਵਿਚ ਕੀਰਤਨ ਕਰਦੇ ਸਨ, ਪਰ ਉਨ੍ਹਾਂ ਦੀ ਸੋਰਠ ਰਾਗ ਗਾਇਣ ਵਿਚ ਬਹੁਤ ਪ੍ਰਸਿੱਧੀ ਸੀ। ਜਦੋਂ ਉਹ ਸੋਰਠ ਦੀ ਚੌਂਕੀ ਪਿਛੋਂ ਰਾਤ ਦੇ ਅੱਠ-ਨੌਂ ਵਜੇ ਕਦੇ (ਸੋਰਠ ਮਹਲਾ ਨੌਵਾਂ) *'ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ'* ਜਾਂ (ਸੋਰਠ ਮਹਲਾ ਚੌਥਾ)- *'ਸੋਰਠਿ ਤਾਮਿ ਸੁਹਾਵਣੀ'*, -ਇਹ ਸ਼ਬਦ ਪੜ੍ਹਦੇ ਸਨ ਤਾਂ ਕਮਾਲ ਕਰ ਦਿੰਦੇ ਸਨ। ਸਰੋਤਿਆਂ ਦੀਆਂ ਸਮਾਧੀਆਂ ਲਗ ਜਾਂਦੀਆਂ ਸਨ। ਇਸੇ ਲਈ ਚੌਂਕੀ ਨੂੰ ਸੁਨਣ ਵਾਸਤੇ ਦੂਰ ਦੂਰ ਤੋਂ ਸੰਗਤਾਂ ਉਚੇਚੀਆਂ ਹੁੰਮ ਹੁੰਮਾ ਕੇ ਆਉਂਦੀਆਂ ਸਨ ਅਤੇ ਭਾਈ ਸਾਹਿਬ ਦੀ ਰਸਨਾ ਤੋਂ ਰੱਬੀ ਬਾਣੀ ਦਾ ਕੀਰਤਨ ਸੁਣ ਕੇ ਨਿਹਾਲ ਹੋ ਜਾਂਦੀਆਂ ਸਨ।

ਪੰਥ ਵਿਚ ਆਪ ਦੀ ਪ੍ਰਸਿੱਧੀ ਕੀਰਤਨ ਸਦਕਾ ਬਹੁਤ ਸੀ। ਆਪ ਜੀ ਨੇ ਸ੍ਰੀ ਨਨਕਾਣਾ ਸਾਹਿਬ ਵਿਖੇ 28 ਸਾਲ ਕੀਰਤਨ ਦੀ ਸੇਵਾ ਕੀਤੀ। ਦਾਸ ਨੂੰ 1936 ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਗੁਜਰਾਂਵਾਲੇ) ਵਿਖੇ ਹੈੱਡ ਗ੍ਰੰਥੀ ਦੀ ਸੇਵਾ ਪ੍ਰਾਪਤ ਹੋਈ। ਉਥੇ ਦੋ ਗੁਰਪੁਰਬ ਜੇਠ ਸੁਦੀ ਚੌਥ ਅਤੇ ਪੋਹ ਸੁਦੀ ਸਤਵੀਂ ਪੂਰਾ ਹਫਤਾ ਹਫਤਾ ਮਨਾਏ ਜਾਂਦੇ ਸਨ। ਚੋਟੀ ਦੇ ਰਾਗੀ ਜਥਿਆਂ ਨੂੰ ਬੁਲਾਇਆਂ ਜਾਂਦਾ ਸੀ। ਉਦੋਂ ਇਨ੍ਹਾਂ ਦੋਹਾਂ ਗੁਰਪੁਰਬਾਂ 'ਤੇ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਰੱਬੀ ਬਾਣੀ ਦਾ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਿਆ ਕਰਦੇ ਸਨ। ਇਥੇ ਦੀ ਸੰਗਤ ਵਿਚ ਰਾਗ ਦੇ ਬਹੁਤ ਸਾਰੇ ਸੂਝਵਾਨ ਸੱਜਣ ਸਨ ਜੋ ਆਪਦਾ ਕੀਰਤਨ ਸੁਣ ਕੇ ਬਹੁਤ

ਨਿਹਾਲ ਹੁੰਦੇ ਸਨ।

1944 ਵਿਚ ਦਾਸ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਗ੍ਰੰਥੀ ਦੀ ਸੇਵਾ ਪ੍ਰਾਪਤ ਹੋਈ। ਸ੍ਰੀ ਗੁਰੂ ਰਾਮਦਾਸ ਜੀ ਦੇ ਅਵਤਾਰ ਪੁਰਬ 'ਤੇ ਹੋਣ ਵਾਲੇ ਕੀਰਤਨ ਦਰਬਾਰ ਵਿਚ ਭੀ ਭਾਈ ਸਾਹਿਬ ਨੂੰ ਬੁਲਾਇਆ ਜਾਂਦਾ ਸੀ ਅਤੇ ਇਥੇ ਵੀ ਕਈ ਸਾਲ ਰੱਬੀ ਬਾਣੀ ਦਾ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਮੈਨੂੰ ਉਨ੍ਹਾਂ ਦੇ ਨੇੜੇ ਹੋਣ ਦਾ ਕਾਫ਼ੀ ਸਮਾਂ ਮਿਲਿਆ। ਭਾਈ ਸਾਹਿਬ ਸਿਰਫ਼ ਕੀਰਤਨੀਏ ਹੀ ਨਹੀਂ ਸਨ ਬਲਕਿ ਇਕ ਮਹਾਨ ਉਚੇ ਜੀਵਨ ਵਾਲੇ ਪੂਰਨ ਨਿਤਨੇਮੀ ਗੁਰਸਿੱਖ ਭੀ ਸਨ। ਗੁਰੂ ਕਿਰਪਾ ਕਰੇ, ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਵਰਗੇ ਪੰਥ ਵਿਚ ਹੋਰ ਭੀ ਕੀਰਤਨੀਏ ਪੈਦਾ ਹੋਣ। (ਉਨ੍ਹਾਂ ਦੀ ਯਾਦ ਵਿਚ ਉਨ੍ਹਾਂ ਦਾ ਵਾਜਾ (ਹਾਰਮੋਨੀਅਮ) ਜੋ ਅੰਮ੍ਰਿਤਸਰ ਸਿੱਖ ਅਜਾਇਬ ਘਰ ਵਿਚ ਸ਼ਸ਼ੋਭਤ ਹੈ।)

❑

# ਪ੍ਰਬੀਨ ਤੇ ਪ੍ਰਸਿੱਧ ਰਾਗੀ ਭਾਈ ਸਮੁੰਦ ਸਿੰਘ ਜੀ

-ਪ੍ਰੋ: ਪਰਮਜੀਤ ਕੌਰ
ਸਿਧਵਾਂ ਕਾਲਜ, (ਲੁਧਿਆਣਾ)

ਭਾਰਤੀ ਸੰਗੀਤ ਦਾ ਸੰਬੰਧ ਮੁੱਢ ਤੋਂ ਹੀ ਰੂਹਾਨੀਅਤ ਨਾਲ ਰਿਹਾ ਹੈ ਇਸੇ ਕਾਰਨ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਨੇ ਇਲਾਹੀ ਬਾਣੀ ਨੂੰ ਜਨ-ਸਧਾਰਨ ਤਕ ਪਹੁੰਚਾਉਣ ਲਈ ਕੀਰਤਨ ਨੂੰ ਉੱਤਮ ਮਾਧਿਅਮ ਬਣਾਇਆ। ਵੀਹਵੀਂ ਸਦੀ ਵਿਚ ਇਸ ਨਿਰਮੋਲਕ ਕੀਰਤਨ ਦੀ ਪਰੰਪਰਾ ਨੂੰ ਸੁਰਜੀਤ ਕਰਨ, ਪ੍ਰਚਾਰਨ ਤੇ ਨਾਮ ਜਪਾਉਣ ਵਾਸਤੇ ਅਕਾਲ ਪੁਰਖ ਨੇ ਇਹ ਸੇਵਾ ਭਾਈ ਸਮੁੰਦ ਸਿੰਘ ਦੇ ਜ਼ਿੰਮੇ ਲਗਾਈ। ਉਹ ਆਪਣੀ ਸੰਗੀਤ-ਕਲਾ, ਗੁਰਬਾਣੀ-ਗਿਆਨ, ਸੁੰਦਰ-ਸਰੂਪ, ਗੁਰਮੁਖ ਜੀਵਨ ਤੇ ਨਿਵੇਕਲੀ ਕੀਰਤਨ ਸ਼ੈਲੀ ਸਦਕਾ ਆਪਣੇ ਸਮੇਂ ਦੇ ਪ੍ਰਸਿੱਧ ਕੀਰਤਨੀਏ ਅਖਵਾਏ।

ਸ੍ਰੀ ਦਲੀਪ ਚੰਦਰ ਬੇਦੀ (ਸੰਗੀਤ ਅਚਾਰੀਯ) ਆਪ ਦੀ ਗਾਇਕੀ ਤੋਂ ਬਹੁਤ ਪ੍ਰਭਾਵਿਤ ਸਨ ਤੇ ਉਨ੍ਹਾਂ ਦੇ ਮਨ ਵਿਚ ਭਾਈ ਸਾਹਿਬ ਲਈ ਬਹੁਤ ਸਤਿਕਾਰ ਸੀ। ਉਨ੍ਹਾਂ ਨੇ ਭਾਈ ਸਾਹਿਬ ਨੂੰ "ਸੁਰ ਦਾ ਬਾਦਸ਼ਾਹ" ਤੇ "ਬਹਿਰੇ ਮੋਸੀਕੀ" ਕਹਿ ਕੇ ਸਲਾਹਿਆ। ਇਥੇ ਹੀ ਬਸ ਨਹੀਂ, ਬਲਰਾਜ ਸਾਹਨੀ ਵਰਗੇ ਕਲਾਕਾਰ ਨੇ ਭਾਈ ਸਾਹਿਬ ਦੀ ਕਲਾ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਵੀਹਵੀਂ ਸਦੀ ਦੇ ਪੰਜਾਬ ਵਿਚ ਜਨਮੇ ਚਾਰ ਕਲਾਕਾਰਾਂ ਦੀ ਕਤਾਰ ਵਿਚ ਲਿਆ ਖੜਾ ਕੀਤਾ। ਉਨ੍ਹਾਂ ਅਨੁਸਾਰ ਪੰਜਾਬੀ ਲੇਖਕਾਂ ਵਿਚ ਸ੍ਰੀ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਚਿੱਤਰਕਾਰਾਂ ਵਿਚੋਂ ਸ੍ਰੀ ਸੋਭਾ ਸਿੰਘ, ਸ਼ਾਸਤਰੀ ਸੰਗੀਤ ਵਿਚ ਉਸਤਾਦ ਬੜੇ ਗੁਲਾਮ ਅਲੀ ਖ਼ਾਂ ਪਟਿਆਲਾ ਘਰਾਣਾ ਤੇ ਗੁਰਮਤਿ ਸੰਗੀਤ ਵਿਚ ਭਾਈ ਸਮੁੰਦ ਸਿੰਘ ਹਨ।

ਪਰਮ-ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਆਪ ਦੀ ਸੁੰਦਰ ਆਵਾਜ਼ ਤੇ ਕੀਰਤਨ-ਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਆਪ ਨੂੰ ਅਨੇਕਾਂ ਅਸੀਸਾਂ ਬਖ਼ਸ਼ੀਆਂ। ਭਾਈ ਸਮੁੰਦ ਸਿੰਘ ਦੇ ਪ੍ਰਸ਼ੰਸਕ ਹਰ ਫਿਰਕੇ ਨਾਲ ਸਬੰਧਤ ਸਨ। ਬੜੇ ਗੁਲਾਮ ਅਲੀ ਖ਼ਾਂ ਸਾਹਿਬ ਆਪ ਦੀ ਗਾਇਕੀ ਦੀ ਬਹੁਤ ਸ਼ਲਾਘਾ ਕਰਦੇ ਸਨ। ਲਾਹੌਰ ਦੇ ਰਹਿਣ ਵਾਲੇ ਇਕ ਸਰੋਤੇ ਮੁਹੰਮਦ ਜ਼ਹੀਰ ਅਹਿਮਦ ਜ਼ਹੀਰ ਨੇ ਆਪਣੀ ਪਤਨੀ ਦੀ ਮਾਨਸਿਕ ਦਿਸ਼ਾ ਨੂੰ ਪ੍ਰਗਟ ਕਰਦੇ ਹੋਏ ਦਸਿਆ ਕਿ ਉਹ ਭਾਈ ਸਾਹਿਬ ਦੀ ਕੀਰਤਨ-ਕਲਾ ਦੀ ਕਸ਼ਿਸ਼ ਤੋਂ ਬੇਹੱਦ ਪ੍ਰਭਾਵਿਤ ਸੀ। ਉਸਨੇ ਕਿਹਾ,"ਜਦੋਂ ਵੀ ਮੈਂ ਰੇਡੀਓ ਤੋਂ ਭਾਈ ਸਮੁੰਦ ਸਿੰਘ ਦਾ ਗੁਰਬਾਣੀ ਗਾਇਨ ਸੁਣਦੀ ਹਾਂ ਤਾਂ ਮੈਂ ਆਪ ਸਭ ਕੁਝ ਭੁੱਲ ਜਾਂਦੀ

ਹਾਂ, ਮੈਨੂੰ ਅੱਲ੍ਹਾ ਤਾਅਲਾ ਦਾ ਨੂਰ ਹਰ ਪਾਸੇ ਵਸਦਾ ਪ੍ਰਤੀਤ ਹੁੰਦਾ ਹੈ।"

ਭਾਈ ਸਾਹਿਬ ਨੂੰ ਕੀਰਤਨ ਦੀ ਮੁਹਾਰਤ ਤੇ ਨਿਪੁੰਨਤਾ ਲਗਾਤਾਰ ਮਿਹਨਤ, ਤਿਆਗ ਤੇ ਤਪੱਸਿਆ ਕਾਰਨ ਹਾਸਲ ਹੋਈ। ਕੀਰਤਨ ਦੀ ਲਗਨ ਆਪ ਨੂੰ ਵਿਰਸੇ ਵਿਚੋਂ ਲੱਗੀ। ਆਪ ਦਾ ਪਰਿਵਾਰ ਪਿਛਲੀਆਂ ਚਾਰ ਪੁਸ਼ਤਾਂ ਤੋਂ ਕੀਰਤਨ ਦੀ ਸੇਵਾ ਕਰ ਰਿਹਾ ਸੀ। ਆਪ ਦੇ ਪਿਤਾ ਭਾਈ ਹਜ਼ੂਰਾ ਸਿੰਘ ਤਾਊਸ ਨਾਲ ਕੀਰਤਨ ਕਰਿਆ ਕਰਦੇ ਸਨ, ਆਪ ਦੇ ਚਾਚਾ ਭਾਈ ਗੁਰਦਿੱਤਾ ਸਿੰਘ ਤਬਲਾ ਵਜਾਉਂਦੇ ਸਨ ਤੇ ਆਪ ਉਨ੍ਹਾਂ ਦੀ ਸੰਗਤ ਦਾ ਰਸ ਘੰਟਿਆਂ ਬੱਧੀ ਮਾਣਦੇ ਸਨ। ਭਾਈ ਹੀਰਾ ਸਿੰਘ ਫਰੂਕੇ ਵਾਲਿਆਂ ਨੇ ਆਪ ਨੂੰ ਰਾਗ ਵਿਦਿਆ ਵਿਚ ਨਿਪੁੰਨ ਕੀਤਾ। ਭਾਈ ਸ਼ੇਰ ਸਿੰਘ ਤੇ ਭਾਈ ਪਿਆਰਾ ਸਿੰਘ ਰਬਾਬੀ ਤੋਂ ਵੀ ਆਪ ਨੂੰ ਉਤਸ਼ਾਹ ਮਿਲਿਆ ।

ਭਾਈ ਸਾਹਿਬ ਦਾ ਜਨਮ ਪਿੰਡ ਮੁੱਲਾਂ ਹਮਜ਼ਾਂ ਜ਼ਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਮਾਰਚ 1901 ਵਿਚ ਹੋਇਆ। ਆਪ ਅਜੇ ਸੱਤ ਸਾਲ ਦੇ ਹੀ ਸਨ ਜਦੋਂ ਆਪ ਦੀ ਮਿੱਠੀ ਤੇ ਮਧੁਰ ਆਵਾਜ਼ ਸੁਣਨ ਲਈ ਸਰੋਤੇ ਘੰਟਿਆਂ ਬੱਧੀ ਸੰਗਤ ਵਿਚ ਬੈਠੇ ਉਡੀਕਦੇ ਰਹਿੰਦੇ ਤੇ ਸ਼ਬਦ-ਕੀਰਤਨ ਸੁਣ ਰਸ-ਮੁਗਧ ਹੁੰਦੇ।

ਨਨਕਾਣਾ ਸਾਹਿਬ ਵਿਖੇ ਆਪ ਨੇ 28 ਸਾਲ ਕੀਰਤਨ ਦੀ ਸੇਵਾ ਨਿਭਾਈ। ਇੰਨੇ ਲੰਮੇ ਅਰਸੇ ਤਕ ਇਕ ਸਥਾਨ 'ਤੇ ਕੀਰਤਨ ਕਰਨ ਦਾ ਮਾਣ ਕੇਵਲ ਭਾਈ ਸਾਹਿਬ ਨੂੰ ਹੀ ਪ੍ਰਾਪਤ ਹੋਇਆ। ਆਪ ਗੁਰੂ ਗ੍ਰੰਥ ਸਾਹਿਬ ਵਿਚ ਆਏ ਸਮੂਹ ਰਾਗਾਂ ਵਿਚ ਕੀਰਤਨ ਕਰ ਸਕਦੇ ਸਨ। ਪਰ ਚੋਣਵੇਂ ਰਾਗਾਂ ਵਿਚੋਂ ਸੋਰਠਿ , ਬਹਾਰ, ਪਹਾੜੀ, ਦੇਸੀ, ਕਾਨੜਾ ਤੇ ਜੈਜੈਵੰਤੀ ਗਾਉਂਦੇ। ਉਨ੍ਹਾਂ ਕੋਲ ਪੁਰਾਤਨ ਤੇ ਟਕਸਾਲੀ ਬੰਦਸ਼ਾਂ ਦਾ ਅਤੁੱਟ ਖ਼ਜ਼ਾਨਾ ਸੀ ਜਿਨ੍ਹਾਂ ਨੂੰ ਗਾਉਣ ਲਈ ਸੁਰੀਲਾ ਕੰਠ, ਆਵਾਜ਼ ਦੀ ਹਰਕਤ, ਤਾਨ ਦੀ ਸਫ਼ਾਈ, ਬੋਲ ਵੰਡ, ਆਦਿ ਆਪ ਦੀ ਗਾਇਕੀ ਦੇ ਵਿਸ਼ੇਸ਼ ਗੁਣ ਸਨ। ਆਪ ਕੀਰਤਨ ਨੂੰ ਠੁਮਰੀ ਅੰਗ ਨਾਲ ਗਾਇਨ ਕਰਨ ਵਿਚ ਵੀ ਪ੍ਰਬੀਨ ਸਨ। ਆਪ ਇਕ ਸ਼ਬਦ ਨੂੰ ਵੱਖ ਵੱਖ ਬਿਖੜੀਆਂ ਰੀਤਾਂ ਤੇ ਤਾਲਾਂ ਵਿਚ ਗਾਇਨ ਕਰਨ ਦੇ ਵੀ ਸਮਰੱਥ ਸਨ। ਕੀਰਤਨ ਗਾਇਕੀ ਦੇ ਨਾਲ ਨਾਲ ਬਾਣੀ ਦੀ ਸੂਝ, ਸ਼ੁੱਧ ਤੇ ਸਪਸ਼ਟ ਉਚਾਰਨ ਤੇ ਬਾਣੀ ਦੀ ਵਿਆਖਿਆ ਸੰਗਤਾਂ ਨੂੰ ਕੀਲ ਲੈਂਦੀ।

ਭਾਈ ਸਮੁੰਦ ਸਿੰਘ ਪਹਿਲੇ ਸਿੱਖ ਕੀਰਤਨੀਏ ਸਨ ਜਿਨ੍ਹਾਂ ਦੇ ਸ਼ਬਦਾਂ ਨੂੰ ਲਾਹੌਰ ਰੇਡੀਓ ਸਟੇਸ਼ਨ ਤੋਂ ਪ੍ਰਸਾਰਨ ਲਈ ਚੁਣਿਆ ਗਿਆ।

ਆਪ ਦੀ ਉਜਲ-ਦੀਦਾਰੀ ਸ਼ਖ਼ਸੀਅਤ 5 ਜਨਵਰੀ 1972 ਨੂੰ ਇਸ ਸੰਸਾਰ ਤੋਂ ਵਿਦਾਇਗੀ ਲੈ ਗਈ ਪਰ ਕੀਰਤਨ ਪ੍ਰੇਮੀ ਅੱਜ ਵੀ ਉਨ੍ਹਾਂ ਦੀ ਅਮਿੱਟ ਯਾਦ ਨੂੰ

ਰੇਡੀਓ ਤੇ ਐਚ. ਐਮ. ਵੀ. ਰਿਕਾਰਡਿੰਗ ਕੰਪਨੀ ਵਲੋਂ ਤਿਆਰ ਕੀਤੇ ਰਿਕਾਰਡਾਂ ਰਾਹੀਂ ਆਪਣੇ ਹਿਰਦੇ ਵਿਚ ਸਮੋਈ ਬੈਠੇ ਹਨ। ਉਨ੍ਹਾਂ ਦੀ ਯਾਦ ਵਿਚ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ ਬੱਚਿਆਂ ਨੂੰ ਭਾਈ ਸਾਹਿਬ ਜੀ ਦੀ ਕੀਰਤਨ-ਸ਼ੈਲੀ ਦੇ ਆਧਾਰ 'ਤੇ ਹੀ ਸਿਖਲਾਈ ਦੇ ਰਹੀ ਹੈ। ਭਾਈ ਸਾਹਿਬ ਸਿੱਖ ਜਗਤ ਦੇ ਸਿਰਮੌਰ ਕੀਤਰਨੀਏ ਦੇ ਰੂਪ ਵਿਚ ਸਨਮਾਨੇ ਜਾਂਦੇ ਰਹੇ।

❑